# ਨਵੇਂ ਨੇਮ ਦਾ ਪ੍ਰਭੂ ਭੋਜ
ਫ੍ਰੈਂਕਲਿਨ ਦੇ ਅਧਿਐਨ ਦੇ ਨੋਟਸ

**ਲੂਕਾ** 22:1 ਪਤੀਰੀ ਰੋਟੀ ਦਾ ਤਿਉਹਾਰ ਜਿਹ ਨੂੰ **ਪਸਾਹ** ਕਹਿੰਦੇ ਹਨ ਨੇੜੇ ਆ ਪੁੱਜਿਆ।

**ਪਸਾਹ ਦਾ ਭੋਜ ਇਸਰਾਏਲ** ਦਾ ਇੱਕ ਸਲਾਨਾ ਤਿਉਹਾਰ ਸੀ ਤਾਂ ਜੋ ਉਹ **ਲਹੂ ਦੇ ਨੇਮ** ਨੂੰ ਚੇਤੇ ਰੱਖਣ, ਜੋ ਯਹੋਵਾਹ ਨੇ ਉਨ੍ਹਾਂ ਨਾਲ ਓਦੋਂ ਬੰਨ੍ਹਿਆ ਸੀ ਜਦੋਂ ਉਸ ਨੇ ਉਨ੍ਹਾਂ ਨੂੰ ਮਿਸਰ ਤੋਂ ਬਾਹਰ ਛੁਟਕਾਰਾ ਦਿੱਤਾ ਸੀ।

**ਆਇਤ** 15 ਅਤੇ ਉਸ ਨੇ ਉਨ੍ਹਾਂ ਨੂੰ ਕਿਹਾ, “**ਕਿ ਮੈਂ ਵੱਡੀ ਇੱਛਿਆ ਨਾਲ ਚਾਹਿਆ ਜੋ ਆਪਣੇ** ਕਸ਼ਟ ਭੋਗਣ ਤੋਂ ਪਹਿਲਾਂ **ਇਹ ਪਸਾਹ ਤੁਹਾਡੇ ਨਾਲ ਖਾਵਾਂ**। (ਆਪਣੇ ਮਨ ਨੂੰ ਪੂਰੀ ਤਰ੍ਹਾਂ ਨਾਲ ਕਿਸੇ ਚੀਜ਼ ਉੱਤੇ ਲਾਉਣਾ)

- ਕਿਉਂ? ਕਿਉਂ ਯਿਸੂ ਨੇ ਵੱਡੀ ਇੱਛਿਆ ਨਾਲ ਅਪਣੇ ਚੇਲਿਆਂ ਦੇ ਨਾਲ ਪਸਾਹ ਖਾਣਾ ਚਾਹਿਆ?

- ਇਸ ਪਸਾਹ ਦੇ ਭੋਜ ਦੇ ਵਿਸ਼ੇ ਵਿੱਚ ਅਜਿਹਾ ਕੀ ਸੀ ਜੋ ਉਸ ਲਈ ਐਨਾ ਮਹੱਤਵਪੂਰਣ ਸੀ?

## ਸਭ ਤੋਂ ਪਹਿਲਾਂ - ਯਿਸੂ ਜਾਣਦਾ ਸੀ ਕਿ ਉਹ ਪਸਾਹ ਦਾ ਲੇਲਾ ਸੀ

ਪਤੀਰੀ ਰੋਟੀ ਦਾ ਦਿਨ ਆਇਆ **ਜਿਸ ਵਿੱਚ ਪਸਾਹ ਦੇ ਲਈ ਬਲੀਦਾਨ ਕਰਨਾ ਸੀ।**

ਲੂਕਾ 22:7

### ਪੁਰਾਣੇ ਨੇਮ ਦਾ **ਪਸਾਹ** ਪਰਮੇਸ਼ੁਰ ਦੇ ਸੱਚੇ ਲੇਲੇ ਯਿਸੂ ਮਸੀਹ ਦਾ **ਉਦਾਹਰਣ ਅਤੇ ਸਿੱਖਿਆ ਦਾ ਵਿਸ਼ਾ ਹੈ**।

- **ਅਬਰਾਹਮ ਦੁਆਰਾ ਭਵਿੱਖਬਾਣੀ ਕੀਤੀ ਗਈ:** ਉਤਪਤ 22:8 ਅਬਰਾਹਮ ਨੇ ਆਖਿਆ, ਹੇ ਮੇਰੇ ਪੁੱਤ੍ਰ **ਪਰਮੇਸ਼ੁਰ** ਹੋਮ ਬਲੀ ਲਈ **ਲੇਲਾ ਆਪ ਹੀ ਦੇਉਗਾ**।

- ਯਸਾਯਾਹ ਦੁਆਰਾ **ਭਵਿੱਖਬਾਣੀ:** (53:7) ਉਹ ਸਤਾਇਆ ਗਿਆ ਤੇ ਦੁਖੀ ਹੋਇਆ, ਪਰ ਉਸ ਆਪਣਾ ਮੂੰਹ ਨਾ ਖੋਲ੍ਹਿਆ, **ਲੇਲੇ** ਵਾਂਙੁ ਜਿਹੜਾ ਕੱਟੇ ਜਾਣ ਲਈ ਲੈ ਜਾਇਆ ਜਾਂਦਾ, ਅਤੇ ਭੇਡ ਵਾਂਙੁ ਜਿਹੜੀ ਉੱਨ ਕਤਰਨ ਵਾਲਿਆਂ ਦੇ ਅੱਗੇ ਗੁੰਗੀ ਹੈ, ਸੋ ਉਸ ਆਪਣਾ ਮੂੰਹ ਨਾ ਖੋਲ੍ਹਿਆ।

- ਯੂਹੰਨਾ ਬਪਤਿਸਮਾ ਦੇਣ ਵਾਲੇ ਦੁਆਰਾ **ਜਾਣ ਪਛਾਣ ਕਰਵਾਈ ਜਾਣਾ** (ਯੂਹੰਨਾ 1:29) ਵੇਖੋ, **ਪਰਮੇਸ਼ੁਰ ਦਾ ਲੇਲਾ** ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ !

- ਪਤਰਸ ਦੁਆਰਾ **ਖੁਲਾਸਾ ਕੀਤਾ ਜਾਣਾ**: 1 ਪਤਰਸ 1:18-19 ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਸੀਂ ਜੋ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚਲੀ ਆਈ ਹੈ **ਨਿਸਤਾਰਾ ਪਾਇਆ** ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ, (19) ਸਗੋਂ ਮਸੀਹ ਦੇ **ਅਮੋਲਕ ਲਹੂ** ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ **ਲੇਲੇ** ਦੀ ਨਿਆਈਂ ਸੀ।

- ਯੂਹੰਨਾ ਦੁਆਰਾ **ਮਹਿਮਾ ਵਿੱਚ ਵੇਖਿਆ ਜਾਣਾ:** ਪਰਕਾਸ਼ ਦੀ ਪੋਥੀ 5:5-14: ਵੇਖ,ਉਹ **ਬਬਰ ਸ਼ੇਰ** ਜਿਹੜਾ ਯਹੂਦਾਹ ਦੇ ਗੋਤ ਵਿੱਚੋਂ ਹੈ ਅਤੇ "ਦਾਊਦ ਦੀ ਜੜ੍ਹ" ਹੈ ਉਸ ਪੋਥੀ ਅਤੇ ਉਹ ਦੀਆਂ ਸੱਤਾਂ ਮੋਹਰਾਂ ਦੇ ਖੋਲ੍ਹਣ ਲਈ ਜਿੱਤ ਗਿਆ ਹੈ। (6) ਅਤੇ ਮੈਂ ਸਿੰਘਾਸਣ ਅਤੇ ਚੌਹਾਂ ਜੰਤੂਆਂ ਦੇ ਵਿਚਾਲੇ ਅਤੇ ਓਹਨਾਂ ਬਜ਼ੁਰਗਾਂ ਦੇ ਵਿਚਾਲੇ ਇੱਕ **ਲੇਲੇ** ਨੂੰ ਜੋ ਮਾਨੋ ਕੋਹਿਆ ਗਿਆ ਸੀ . . . (7) ਅਤੇ ਉਹ ਨੇ ਆਣ ਕੇ ਉਸ ਦੇ ਸੱਜੇ ਹੱਥੋਂ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਸੀ ਉਹ ਪੋਥੀ ਲੈ ਲਈ।(8) ਅਤੇ ਜਾਂ ਉਹ ਨੇ ਪੋਥੀ ਲੈ ਲਈ ਤਾਂ ਚਾਰੇ ਜੰਤੂ ਅਤੇ ਚੱਵੀ ਬਜ਼ੁਰਗ **ਲੇਲੇ** ਦੇ ਅੱਗੇ ਡਿੱਗ ਪਏ ਅਤੇ ਹਰੇਕ ਦੇ ਕੋਲ ਰਬਾਬ ਅਤੇ ਧੂਪ ਨਾਲ ਭਰੇ ਹੋਏ ਸੋਨੇ ਦੇ ਕਟੋਰੇ ਸਨ ਜਿਹੜੇ ਸੰਤਾਂ ਦੀਆਂ **ਪ੍ਰਾਰਥਨਾਂ** ਹਨ।(9) ਅਤੇ ਓਹ ਇਹ ਆਖਦਿਆਂ ਇੱਕ ਨਵਾਂ ਗੀਤ ਗਾਉਂਦੇ ਸਨ,- ਤੂੰ ਉਹ ਪੋਥੀ ਲੈਣ ਅਤੇ ਉਹ ਦੀਆਂ ਮੋਹਰਾਂ ਖੋਲ੍ਹਣ ਦੇ ਜੋਗ ਹੈਂ; ਕਿਉਂਕਿ **ਤੂੰ ਕੋਹਿਆ ਗਿਆ** ਸੈਂ, ਅਤੇ ਤੈਂ **ਆਪਣੇ ਲਹੂ** ਨਾਲ ਹਰੇਕ ਗੋਤ, ਭਾਖਿਆ, ਉੱਮਤ ਅਤੇ ਕੌਮ ਵਿੱਚੋਂ **ਪਰਮੇਸ਼ੁਰ ਦੇ ਲਈ** ਲੋਕਾਂ ਨੂੰ **ਮੁੱਲ ਲਿਆ**, (10) ਅਤੇ ਓਹਨਾਂ ਨੂੰ ਸਾਡੇ ਪਰਮੇਸ਼ੁਰ ਲਈ, ਇੱਕ ਪਾਤਸ਼ਾਹੀ ਅਤੇ ਜਾਜਕ ਬਣਾਇਆ, ਅਤੇ ਓਹ ਧਰਤੀ ਉੱਤੇ ਰਾਜ ਕਰਨਗੇ।(11) ਤਾਂ ਮੈਂ ਡਿੱਠਾ ਅਤੇ ਸਿੰਘਾਸਣ, ਓਹਨਾਂ ਜੰਤੂਆਂ, ਅਤੇ ਬਜ਼ੁਰਗਾਂ ਦੇ ਦੁਆਲੇ ਬਹੁਤਿਆਂ ਦੂਤਾਂ ਦੀ ਅਵਾਜ਼ ਸੁਣੀ ਅਤੇ ਓਹਨਾਂ ਦੀ ਗਿਣਤੀ ਲੱਖਾਂ ਅਤੇ ਕਰੋੜਾਂ ਸੀ।(12) ਅਤੇ ਓਹ ਵੱਡੀ ਅਵਾਜ਼ ਨਾਲ ਇਹ ਆਖਦੇ ਸਨ, **ਲੇਲਾ** ਜਿਹੜਾ ਕੋਹਿਆ ਗਿਆ ਸੀ ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, ਮਹਿਮਾ ਅਤੇ ਧੰਨਵਾਦ ਲੈਣ ਦੇ ਜੋਗ ਹੈ ! (13) ਹਰੇਕ ਸਰਿਸ਼ਟ ਨੂੰ ਜੋ ਸੁਰਗ ਵਿੱਚ ਅਤੇ ਧਰਤੀ ਉੱਤੇ ਅਤੇ ਧਰਤੀ ਦੇ ਹੇਠ ਅਤੇ ਸਮੁੰਦਰ ਉੱਤੇ ਹੈ ਅਤੇ ਸੱਭੇ ਜੋ ਓਹਨਾਂ ਦੇ ਵਿੱਚ ਹਨ ਮੈਂ ਇਹ ਆਖਦੇ ਸੁਣਿਆ, ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਉਹ ਦਾ ਅਤੇ **ਲੇਲੇ** ਦਾ ਧੰਨਵਾਦ, ਮਾਣ, ਮਹਿਮਾ ਪ੍ਰਾਕਰਮ ਜੁੱਗੋ ਜੁੱਗ ਹੋਵੇ ! (14) ਚਾਰੇ ਜੰਤੂ ਬੋਲੇ, "ਆਮੀਨ" ਅਤੇ ਓਹਨਾਂ ਬਜ਼ੁਰਗਾਂ ਨੇ ਡਿੱਗ ਕੇ ਮੱਥਾ ਟੇਕਿਆ।

---

ਆਓ ਅਸੀਂ ਪਸਾਹ ਦੇ ਪਰਬ ਦੇ ਸ਼ੁਰੂ ਹੋਣ ਬਾਰੇ ਕੁਝ ਮਹੱਤਵਪੂਰਣ ਗੱਲਾਂ ਨੂੰ ਵੇਖੀਏ।

**ਕੂਚ** 12:1-2 ਯਹੋਵਾਹ ਨੇ ਮਿਸਰ ਦੇਸ ਵਿੱਚ ਮੂਸਾ ਅਤੇ ਹਾਰੂਨ ਨੂੰ ਆਖਿਆ ਕਿ (2) ਏਹ ਮਹੀਨਾ ਤੁਹਾਡੇ **ਮਹੀਨਿਆਂ ਦਾ ਅਰੰਭ ਹੋਵੇਗਾ** ਅਰ ਏਹ ਤੁਹਾਡੇ ਵਰਹੇ ਦੇ ਮਹੀਨਿਆਂ ਵਿੱਚ ਪਹਿਲਾ ਹੈ।

- ਇਸ ਤਰ੍ਹਾਂ ਇਹ ਖਾਸ ਸੀ! ਹਰ ਚੀਜ਼ ਇਸ ਸਮੇਂ ਤੋਂ ਸ਼ੁਰੂ ਹੋਈ।

- ਤੁਹਾਡਾ ਪਸਾਹ - ਜਦੋਂ ਤੁਸੀਂ ਪਰਮੇਸ਼ੁਰ ਦੇ ਲੇਲੇ ਯਿਸੂ ਮਸੀਹ ਨੂੰ ਗ੍ਰਹਿਣ ਕੀਤਾ - ਉਹ ਸਮਾਂ ਤੁਹਾਡੇ ਲਈ ਵੀ **ਮਹੀਨਿਆਂ ਦੀ ਸ਼ੁਰੂਆਤ** ਸੀ। ਇਹ ਪਹਿਲੀ ਵਾਰ ਸੀ ਜਦੋਂ ਤੁਸੀਂ **ਜੀਉਂਦੇ** ਕੀਤੇ ਗਏ! ਉਸ ਤੋਂ ਪਹਿਲਾਂ ਤੁਸੀਂ **ਮੁਰਦੇ** ਸੀ।

  ਅਫ਼ਸੀਆਂ 2:1-5 ਅਤੇ ਤੁਸੀਂ ਅਪਣੇ ਅਪਰਾਧਾਂ ਕਰਕੇ **ਮੁਰਦੇ** ਸਾਓ, . . (4) ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ, (5) . . . ਤਦੋਂ ਸਾਨੂੰ ਮਸੀਹ ਦੇ ਨਾਲ **ਜਿਵਾਲਿਆ** (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ)।

**ਕੂਚ** 12:3 "ਇਸਰਾਏਲ ਦੀ ਸਾਰੀ ਮੰਡਲੀ ਨੂੰ ਏਹ ਬੋਲੋ, . . . **ਇੱਕ ਇੱਕ ਜਣਾ** ਆਪੋ ਆਪਣੇ **ਪ੍ਰਿਤਾਂ** ਦੇ ਘਰਾਣੇ ਅਨੁਸਾਰ **ਹਰ ਘਰ ਪਿੱਛੇ ਇੱਕ ਇੱਕ ਲੇਲਾ ਲਵੇ।**

- "**ਹਰ ਇੱਕ** ਲਈ ਲੇਲੇ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੈ"। ਤੁਹਾਡੇ ਮਾਤਾ ਪਿਤਾ ਨੇ "ਲੇਲੇ ਨੂੰ ਗ੍ਰਹਿਣ ਕੀਤਾ ਹੈ", ਇਹੋ ਹੀ ਤੁਹਾਡੀ ਮੁਕਤੀ ਲਈ ਕਾਫ਼ੀ ਨਹੀਂ ਹੈ।
- **ਹਰ ਘਰ ਪਿੱਛੇ ਇੱਕ ਲੇਲਾ ਲਵੇ** - ਸਾਡੇ ਸਵਰਗੀ ਪਿਤਾ ਨੇ **ਆਪਣੇ ਘਰਾਣੇ** ਲਈ ਲੇਲਾ ਦਿੱਤਾ। **ਇੱਕ ਪਰਿਵਾਰਕ ਪਰਬ।**

ਕੂਚ 12:21-22 ਤਾਂ ਮੂਸਾ ਨੇ ਇਸਰਾਏਲ ਦੇ ਸਾਰੇ **ਬਜ਼ੁਰਗਾਂ** ਨੂੰ ਬੁਲਵਾ ਕੇ **ਆਖਿਆ**, **ਆਪੋ ਆਪਣੇ ਟੱਬਰ ਅਨੁਸਾਰ ਲੇਲਿਆਂ ਨੂੰ ਕੱਢ ਲਵੋ** ਅਰ ਪਸਾਹ ਲਈ ਕੱਟੋ। (22) **ਤੁਸੀਂ . . . ਲਹੂ ਨੂੰ ਜਹਿੜਾ ਭਾਂਡੇ** ਵਿੱਚ **ਹੈ ਲਾਓ** ਅਤੇ ਤੁਹਾਡੇ ਵਿੱਚੋਂ ਕੋਈ ਸਵੇਰ ਤੀਕ ਆਪਣੇ ਘਰ ਦੇ ਬੂਹੇ ਤੋਂ ਬਾਹਰ ਨਾ ਜਾਵੇ।

- ਸਾਡੇ ਸਵਰਗੀ ਪਿਤਾ ਨੇ **ਆਪਣੇ ਘਰਾਣੇ ਲਈ** ਲੇਲਾ ਦਿੱਤਾ ਅਤੇ **ਉਹ ਹਰੇਕ ਵਿਅਕਤੀ ਉੱਤੇ ਲਹੂ ਲਾਉਂਦਾ ਹੈ** ਜਦੋਂ ਉਹ ਵਿਸ਼ਵਾਸ ਕਰਦੇ ਹਨ।

ਕੂਚ 12:6 ਅਤੇ ਤੁਸੀਂ ਉਸ ਨੂੰ ਏਸ ਮਹੀਨੇ ਦੀ ਚੌਧਵੀਂ ਤੀਕ ਰੱਖ ਛੱਡਣਾ ਅਰ ਇਸਰਾਏਲ ਦੀ ਮੰਡਲੀ ਦੀ **ਸਾਰੀ ਸਭਾ** ਸ਼ਾਮ ਨੂੰ ਉਸ ਨੂੰ ਕੱਟੇ।

- ਉਸ ਦੀ ਮੌਤ ਵਿੱਚ ਹਰ ਕੋਈ ਸ਼ਾਮਲ ਹੈ। ਅਤੇ ਸਾਨੂੰ ਸਾਰਿਆਂ ਨੂੰ ਸਾਡੇ ਛੁਟਕਾਰੇ ਲਈ ਭਰੇ ਗਏ ਮੁੱਲ ਅਤੇ ਉਸ ਦੀ ਕੀਮਤ ਨੂੰ ਸਮਝਣਾ ਚਾਹੀਦਾ ਹੈ।

ਕੂਚ 12:13 ਅਰ ਉਹ **ਲਹੂ** ਤੁਹਾਡੇ ਲਈ **ਘਰਾਂ** ਉੱਤੇ ਜਿੱਥੇ ਤੁਸੀਂ ਹੋਵੋਗੇ ਨਿਸ਼ਾਨ ਹੋਵੇਗਾ ਅਤੇ **ਜਦ ਮੈਂ ਲਹੂ ਨੂੰ ਵੇਖਾਂਗਾ ਮੈਂ ਤੁਹਾਡੇ ਉੱਤੋਂ ਦੀ ਲੰਘ ਜਾਵਾਂਗਾ** ਅਰ ਤੁਹਾਡੇ ਉੱਤੇ **ਕੋਈ ਬਵਾ ਜਦ ਮੈਂ** ਮਿਸਰ ਦੇਸ ਨੂੰ ਮਾਰਾਂਗਾ ਨਾ ਪਵੇਗੀ ਜਿਹੜੀ ਤੁਹਾਡਾ ਨਾਸ ਕਰੇ।

- ਪਰਮੇਸ਼ੁਰ ਲਹੂ ਲਈ ਖੋਜ ਰਿਹਾ ਹੈ। ਪਰਮੇਸ਼ੁਰ ਉਨ੍ਹਾਂ ਦੀ ਖੋਜ ਕਰਦਾ ਹੈ ਜਿਨ੍ਹਾਂ ਨੇ ਮਾਫ਼ੀ ਅਤੇ ਮੁਕਤੀ ਲਈ ਆਪਣੀ ਲੋੜ ਨੂੰ ਸਮਝਦੇ ਹੋਏ, ਉਨ੍ਹਾਂ ਲਈ ਲੇਲੇ ਦੇ ਬਲੀਦਾਨ ਅਤੇ ਉਸ ਦੇ ਵਹਾਏ ਗਏ ਲਹੂ ਨੂੰ ਕਬੂਲ ਕੀਤਾ ਹੈ।

- ਅਤੇ ਆਇਤ 23 ਕਿਉਂਕਿ ਯਹੋਵਾਹ ਮਿਸਰੀਆਂ ਦੇ ਮਾਰਨ ਲਈ ਲੰਘੇਗਾ ਅਰ **ਜਦ** ਉਹ ਸੇਰੂ ਅਤੇ ਦੋਹਾਂ **ਬਾਹੀਆਂ ਉੱਤੇ ਲਹੂ ਨੂੰ ਵੇਖੇਗਾ ਤਾਂ ਯਹੋਵਾਹ ਉਸ ਬੂਹੇ ਤੋਂ ਪਾਸਾ ਦੇਕੇ ਲੰਘ ਜਾਵੇਗਾ** (ਸ਼ਾਬਦਿਕ: ਹੈਂਗ ਓਵਰ) ਅਰ ਨਾਸ ਕਰਨ ਵਾਲੇ ਨੂੰ ਤੁਹਾਡੇ ਮਾਰਨ ਲਈ ਤੁਹਾਡਿਆਂ ਘਰਾਂ ਵਿੱਚ **ਨਾ ਆਉਣ ਦੇਵੇਗਾ।**

ਪਿਤਾ ਤੁਹਾਡਾ ਧੰਨਵਾਦ! ਯਿਸੂ ਤੁਹਾਡਾ ਧੰਨਵਾਦ!

**ਜ਼ਬੂਰ** 91:1-4 ਦਾਊਦ ਨੇ ਵੀ ਇਸ ਬਾਰੇ ਆਖਿਆ ਜਿਹੜਾ ਅੱਤ ਮਹਾਨ ਦੀ **ਓਟ ਵਿੱਚ ਵੱਸਦਾ** ਹੈ ਉਹ ਸਰਬ ਸ਼ਕਤੀਮਾਨ ਦੇ ਸਾਯੇ ਹੇਠ **ਟਿਕੇਗਾ।** (2) ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਕਿ ਉਹ ਮੇਰੀ ਪਨਾਹ ਅਤੇ ਮੇਰਾ ਗੜ੍ਹ ਹੈ, ਮੇਰਾ ਪਰਮੇਸ਼ੁਰ ਜਿਹ ਦੇ ਉੱਤੇ ਮੈਂ ਭਰੋਸਾ ਰੱਖਦਾ ਹਾਂ। (3) **ਉਹ** ਤਾਂ ਤੈਨੂੰ ਫਾਂਧੀ ਦੀ ਫਾਹੀ ਵਿੱਚੋਂ ਅਤੇ **ਘਾਤਕ ਮਰੀ** ਤੋਂ **ਛੁਟਕਾਰਾ** ਦੇਵੇਗਾ। (4) **ਉਹ** ਆਪਣੇ ਖੰਭਾਂ ਨਾਲ **ਤੈਨੂੰ ਢੱਕ ਲਵੇਗਾ**, ਅਤੇ **ਉਹ ਦੇ ਪਰਾਂ ਹੇਠ** ਤੂੰ ਪਨਾਹ ਲਵੇਂਗਾ, ਉਹ ਦੀ **ਸਚਿਆਈ** ਇੱਕ ਢਾਲ ਅਤੇ ਫਰੀ ਹੈ। ਬਿਵਸਥਾਸਾਰ 32:11 ਵੀ ਵੇਖੋ

- ਇਸ ਤਰ੍ਹਾਂ ਦੀ ਸੁਰੱਖਿਆ ਲਈ ਤੁਹਾਨੂੰ *ਉਸ ਦੇ ਖੰਭਾਂ ਹੇਠ ਵੱਸਣਾ ਅਤੇ ਰਹਿਣਾ* ਚਾਹੀਦਾ ਹੈ।

- ਅਣਆਗਿਆਕਾਰੀ ਕਰਨਾ ਉਸ ਦੀ ਸੁਰੱਖਿਆ ਵਿੱਚੋਂ ਬਾਹਰ ਨਿੱਕਲ ਜਾਣਾ ਹੈ!

**ਲੂਕਾ** 22:16 ਵਿੱਚ ਅੱਗੇ ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਮੈਂ ਇਹ ਨੂੰ **ਨਾ ਖਾਵਾਂਗਾ ਜਦ ਤੀਕਰ ਇਹ ਪਰਮੇਸ਼ੁਰ ਦੇ ਰਾਜ ਵਿੱਚ ਸੰਪੂਰਨ ਨਾ ਹੋਵੇ।** (17) ਉਸ ਨੇ ਪਿਆਲਾ ਲਿਆ ਅਰ ਸ਼ੁਕਰ ਕਰ ਕੇ ਆਖਿਆ, ਇਹ ਨੂੰ ਲੈ ਕੇ ਆਪੋ ਵਿੱਚ ਵੰਡ ਲਓ।(18) ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਕਿ ਏਦੋਂ ਅੱਗੇਮੈਂ ਦਾਖ ਰਸ ਕਦੇ ਨਾ ਪੀਆਂਗਾ **ਜਦ ਤੀਕਰ ਪਰਮੇਸ਼ੁਰ ਦਾ ਰਾਜ ਨਾ ਆਵੇ।**

- ਪ੍ਰਭੂ ਯਿਸੂ ਹੁਣ **ਉਤਸੁਕਤਾ** ਨਾਲ ਉਸ ਦਿਨ ਦੀ ਉਡੀਕ ਕਰ ਰਿਹਾ ਹੈ ਜਦੋਂ ਇਹ ਸੁਰਗੀ ਰਾਜ ਦਾ ਸੁਸਮਾਚਾਰ ਸਾਰੀ ਦੁਨਿਆ ਵਿੱਚ ਪ੍ਰਚਾਰ ਕੀਤਾ ਜਾਵੇਗਾ ਸਾਰੇ ਦੇਸ਼ਾਂ ਲਈ ਗਵਾਹੀ ਦੇ ਤੋਰ ਤੇ (ਜਾਤੀ ਸਮੂਹ), ਅਤੇ **ਫਿਰ** ਅੰਤ ਆ ਜਾਵੇਗਾ (ਮੱਤੀ 24:14)

- **ਉਹ ਸਾਡੀ ਉਡੀਕ ਕਰ ਰਿਹਾ ਹੈ** ਜੋ ਅਸੀਂ ਅਪਣੇ ਕੰਮ ਅਤੇ ਆਪਣੀ ਆਗਿਆ ਨੂੰ ਪੂਰਾ ਕਰੀਏ, ਫਿਰ **ਅਸੀਂ ਉਸ ਨਾਲ ਮੇਜ ਉੱਤੇ ਬੈਠਾਂਗੇ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਇਸ ਨੇਮ ਦੇ ਭੋਜ ਵਿੱਚ ਸਾਂਝੀ ਹੋਵਾਂਗੇ।**

ਅਤੇ ਉਸ ਭੋਜ ਨੂੰ ਕਿਹਾ ਜਾਵੇਗਾ: **ਲੇਲੇ ਦੇ ਵਿਆਹ ਦਾ ਭੋਜ**

ਪਰਕਾਸ਼ ਦੀ ਪੋਥੀ 19:7-9 ਆਓ, ਅਸੀਂ ਅਨੰਦ ਕਰੀਏ ਅਤੇ ਨਿਹਾਲ ਹੋਈਏ, ਅਤੇ ਉਹ ਦੀ ਵਡਿਆਈ ਕਰੀਏ, **ਲੇਲੇ** ਦਾ ਵਿਆਹ ਜੋ ਆ ਗਿਆ ਹੈ, ਅਤੇ ਉਹ ਦੀ ਲਾੜੀ ਨੇ **ਆਪਣੇ ਆਪ ਨੂੰ ਤਿਆਰ ਕਰ ਲਿਆ ਹੈ।** ਏਹ (ਜ਼ਿੰਮੇਵਾਰੀ) ਉਸ ਨੂੰ ਬਖ਼ਸ਼ਿਆ ਗਿਆ ਭਈ ਭੜਕੀਲੇ ਅਤੇ ਸਾਫ ਕਤਾਨ ਦੀ **ਪੁਸ਼ਾਕ ਪਾਵੇ**, ਏਹ ਕਤਾਨ ਤਾਂ **ਸੰਤਾਂ ਦਾ ਧਰਮੀ ਕੰਮ ਹੈ।** ਤਾਂ ਉਨ ਮੈਨੂੰ ਆਖਿਆ, ਲਿਖ ਭਈ ਧੰਨ **ਉਹ** ਜਿਹੜੇ **ਲੇਲੇ ਦੇ ਵਿਆਹ ਦੀ ਦਾਉਤ** ਵਿੱਚ **ਸੱਦੇ ਹੋਏ** ਹਨ ! ਅਤੇ ਉਨ ਮੈਨੂੰ ਆਖਿਆ ਭਈ ਏਹ ਪਰਮੇਸ਼ੁਰ ਦੀਆਂ ਸੱਚੀਆਂ ਗੱਲਾਂ ਹਨ।

---

**ਲੂਕਾ** 22:19 ਤਾਂ ਉਸ ਨੇ **ਰੋਟੀ ਲਈ ਅਤੇ ਸ਼ੁਕਰ ਕਰ ਕੇ ਤੋੜੀ** ਅਤੇ ਇਹ ਕਹਿ ਕੇ ਉਨ੍ਹਾਂ ਨੂੰ ਦਿੱਤੀ ਕਿ **ਇਹ ਮੇਰਾ ਸਰੀਰ ਹੈ** ਜੋ ਤੁਹਾਡੇ ਬਦਲੇ ਦਿੱਤਾ ਜਾਂਦਾ ਹੈ, ਮੇਰੀ **ਯਾਦਗੀਰੀ** ਲਈ ਇਹ ਕਰਿਆ ਕਰੋ।

ਉਨ੍ਹਾਂ ਦੇ ਸੱਭਿਆਚਾਰ ਅਨੁਸਾਰ, ਰੋਟੀ ਤੋੜਨਾ ਨੇਮ ਦਾ ਭੋਜ ਹੈ।

ਇਹ ਦੂਸਰਾ ਕਾਰਨ ਹੈ ਕਿ ਯਿਸੂ ਨੇ ਕਿਹਾ ਕਿ ਮੈਂ ਵੱਡੀ ਇੱਛਿਆ ਨਾਲ ਚਾਹਿਆ ਜੋ ਆਪਣੇ ਕਸ਼ਟ ਭੋਗਣ ਤੋਂ ਪਹਿਲਾਂ ਇਹ ਪਸਾਹ ਤੁਹਾਡੇ ਨਾਲ ਖਾਵਾਂ। ਅਤੇ ਇਸੇ ਕਾਰਨ ਉਹ ਸਾਡੇ ਨਾਲ ਆਪਣੇ ਰਾਜ ਵਿੱਚ ਖਾਣ ਦੀ ਵੱਡੀ ਇੱਛਾ ਰੱਖਦਾ ਹੈ। ਜਦੋਂ ਉਸ ਦਾ ਸਾਰਾ ਪਰਿਵਾਰ ਉੱਥੇ ਹੈ।

ਬਾਈਬਲ ਦੇ ਇਤਿਹਾਸ ਵਿੱਚ ਅਤੇ ਸੰਸਾਰ ਵਿੱਚ ਬਹੁਤ ਸਾਰੀਆਂ ਉਦਾਹਰਣਾਂ ਹਨ ਕਿ ਜਦੋਂ ਦੋ ਲੋਕ **ਸਹਿਮਤ** ਹੋ ਜਾਂਦੇ ਹਨ, ਤਾਂ ਉਹ **ਭੋਜਨ ਵਿੱਚ ਸਾਂਝੀ** ਹੁੰਦੇ ਹਨ।

ਇਹ ਨੇਮ ਦਾ ਭੋਜਨ ਉਨ੍ਹਾਂ ਦੀਆਂ ਇੱਕ ਦੂਸਰੇ ਪ੍ਰਤੀ ਜ਼ਿੰਮੇਵਾਰੀਆਂ ਵਾਲੇ ਸ਼ਾਂਤਮਈ ਸੰਬੰਧ ਉੱਤੇ **ਮੋਹਰ ਲਾਉਂਦਾ ਹੈ।**

- **ਉਤਪਤ** 31:43-55 ਯਾਕੂਬ ਅਤੇ ਲਾਬਾਨ ਸਾਡੇ ਲਈ ਉਸ ਨੇਮ ਦੇ ਭੋਜਨ ਦਾ ਇੱਕ ਉਦਾਹਰਣ ਹਨ ਜਿਸ ਨੇ ਦੋ ਵਿਰੋਧੀ ਲੋਕਾਂ ਵਿੱਚ **ਸ਼ਾਂਤੀ** ਸਥਾਪਿਤ ਕੀਤੀ।

**ਮੈਂ** ਪੁਰਾਣੇ ਯਰੂਸ਼ਲਮ ਸ਼ਹਿਰ ਵਿੱਚ **ਇੱਕ ਦੁਕਾਨ ਤੇ ਗਿਆ** ਜਿਸ ਦਾ ਮਾਲਕ ਮੁਸਲਮਾਨ ਸੀ ਅਤੇ ਮੈਂ ਉਸ ਨੂੰ ਦੱਸਿਆ ਕਿ ਮੈਂ ਉਨ੍ਹਾਂ ਦੀ ਰੋਟੀ ਨੂੰ ਕਿੰਨਾ ਪਸੰਦ ਕਰਦਾ ਹਾਂ। ਉਸ ਨੇ ਆਪਣੇ ਪੁੱਤਰ ਨੂੰ ਭੇਜ ਕੇ ਮੇਰੇ ਲਈ ਰੋਟੀ ਮੰਗਵਾਈ ਅਤੇ ਮੈਨੂੰ ਦਿੱਤੀ। ਮੈਂ ਬਹੁਤ ਸ਼ੁਕਰਗੁਜ਼ਾਰ ਸੀ ਅਤੇ ਉਸ ਨੂੰ ਵੀ ਕੁਝ ਰੋਟੀ ਲੈਣ ਲਈ ਕਿਹਾ ਪਰ ਉਸ ਨੇ ਇਨਕਾਰ ਕਰ ਦਿੱਤਾ। ਬਾਅਦ ਦੇ ਵਿੱਚ ਮੈਨੂੰ ਪਤਾ ਲੱਗਿਆ ਕਿ ਇਹ ਲੋਕ ਉਨ੍ਹਾਂ ਦੇ ਨਾਲ ਰੋਟੀ ਨਹੀਂ ਤੋੜਦੇ ਅਤੇ ਨਾ ਹੀ ਉਨ੍ਹਾਂ ਦੇ ਨਾਲ ਸ਼ਾਂਤੀ ਦਾ ਨੇਮ ਸਥਾਪਿਤ ਕਰਦੇ ਹਨ, ਜਿਨ੍ਹਾਂ ਨੂੰ ਉਹ ਕਾਫ਼ਰ ਮੰਨਦੇ ਹਨ।

❖ ਮੱਧ ਪੂਰਬ ਦੇ ਲੋਕ "ਰੋਟੀ ਤੋੜਨ" ਦੇ ਨੇਮ ਨੂੰ ਸਾਡੇ ਨਾਲੋਂ ਜ਼ਿਆਦਾ ਸਮਝਦੇ ਹਨ।

ਵੇਖੋ: **ਉਤਪਤ** 14:18–20 ਮਲਕੀਸਿਦਕ/ਅਬਰਾਮ 43:32 ਯੂਸੁਫ਼ ਦਾ ਪਰਿਵਾਰ/ਮਿਸਰੀ

**ਡਰੇਕ ਪ੍ਰਿੰਸ** 1948 ਦੀ ਇੱਕ ਸੱਚੀ ਘਟਨਾ ਦੇ ਬਾਰੇ ਦੱਸਦੇ ਹਨ ਜੋ ਓਦੋਂ ਘਟੀ ਜਦੋਂ ਇਸਰਾਏਲ ਰਾਸ਼ਟਰ ਹੋਂਦ ਵਿੱਚ ਆਇਆ ਅਤੇ ਇਸਰਾਏਲ ਦੇ ਆਲੇ ਦੁਆਲੇ ਦੇ ਮੁਸਲਿਮ ਅਤੇ ਯਹੂਦੀ ਲੋਕਾਂ ਦੇ ਵਿੱਚ ਯੁੱਧ ਸ਼ੁਰੂ ਹੋ ਗਿਆ।
(ਇਸ ਸੱਚੀ ਘਟਨਾ ਨੂੰ ਪੁਸਤਕ "ਓ, ਯਰੂਸ਼ਲਮ" ਦੇ ਅਧਿਆਇ 29 ਵਿੱਚ ਵੇਖਿਆ ਜਾ ਸਕਦਾ ਹੈ।)

ਇੱਕ ਯਹੂਦੀ ਇਲਾਕੇ ਉੱਤੇ **ਜੌਰਡਨ** ਦੀ ਸੈਨਾ ਨੇ ਹਮਲਾ ਕੀਤਾ ਅਤੇ ਇਸ ਉੱਤੇ ਕਬਜ਼ਾ ਕਰਕੇ ਇਸ ਨੂੰ ਪੂਰੀ ਤਰ੍ਹਾਂ ਨਾਸ ਕਰ ਦਿੱਤਾ। ਸਿਰਫ਼ ਕੁਝ ਹੀ ਯਹੂਦੀਆਂ ਨੂੰ ਬੰਧੀ ਬਣਾਇਆ ਗਿਆ। ਉਨ੍ਹਾਂ ਵਿੱਚ ਇੱਕ ਨੌਜਵਾਨ ਯਹੂਦੀ ਔਰਤ ਸੀ ਜਿਸ ਦਾ ਨਾਮ ਏਲੀਜ਼ਾ ਸੀ। ਮੁਸਲਿਮ ਸਿਪਾਹੀ ਉਸ ਦਾ ਬਲਤਕਾਰ ਕਰਨ ਲੱਗੇ। ਉਨ੍ਹਾਂ ਨੇ ਉਸ ਦੇ ਕੱਪੜੇ ਪਾੜਨੇ ਸ਼ੁਰੂ ਹੀ ਕੀਤੇ ਸਨ ਕਿ ਇੱਕ ਅਜੀਬ ਘਟਨਾ ਘਟੀ। ਇੱਕ ਅਰਬੀ ਅਫ਼ਸਰ ਆਇਆ, ਉਸ ਨੇ ਦੋ ਸਿਪਾਹੀਆਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ, ਫਿਰ ਉਸ ਨੇ ਆਪਣੀ ਜੇਬ ਵਿੱਚੋਂ ਇੱਕ ਰੋਟੀ ਦਾ ਟੁੱਕੜਾ ਕੱਢਿਆ, ਉਸ ਯਹੂਦੀ ਔਰਤ ਨੂੰ ਦਿੱਤਾ ਅਤੇ ਕਿਹਾ, "ਇਸ ਨੂੰ ਖਾਹ"। ਜਦੋਂ ਉਸ ਨੇ ਰੋਟੀ ਦਾ ਟੁੱਕੜਾ ਖਾ ਲਿਆ, ਤਾਂ ਉਸ ਨੇ ਕਿਹਾ, *"ਤੂੰ ਮੇਰੀ ਸੁਰੱਖਿਆ ਵਿੱਚ ਹੈਂ। ਕੋਈ ਵੀ ਤੈਨੂੰ ਹੱਥ ਨਹੀਂ ਲਾ ਸਕਦਾ"*।

**ਕਿਉਂ?** ਉਸ ਨੇ ਉਸ ਦੀ ਰੋਟੀ ਨੂੰ ਖਾਧਾ ਜਿਸ ਨੇ ਉਨ੍ਹਾਂ ਦੋਵਾਂ ਵਿਚਕਾਰ ਨੇਮ ਦੇ ਇੱਕ ਪ੍ਰਤੱਖ ਰਿਸ਼ਤੇ ਨੂੰ ਕਾਇਮ ਕੀਤਾ। ਅਤੇ ਇਸ ਯੁੱਧ ਅਤੇ ਲਾਲਸਾ ਦੇ ਜਨੂੰਨ ਵਿੱਚ ਵੀ ਮੁਸਲਿਮ ਸਿਪਾਹੀਆਂ ਨੇ ਆਪਣੇ ਅਫ਼ਸਰ ਅਤੇ ਇਸ ਯਹੂਦੀ ਔਰਤ ਦੇ ਵਿਚਕਾਰ ਨੇਮ ਦੇ ਸੰਬੰਧ ਦਾ ਆਦਰ ਕੀਤਾ।

ਜਦੋਂ ਅਫ਼ਸਰ ਅਤੇ ਔਰਤ ਦੇ ਵਿਚਕਾਰ **ਰੋਟੀ ਤੋੜੀ ਗਈ**, ਓਦੋਂ ਹੀ ਉਹ ਸਾਰੇ ਉਸ ਪਵਿੱਤਰ ਨੇਮ ਵਿੱਚ ਬੰਨ੍ਹੇ ਗਏ:

ਉਹ ਜਾਣਦੇ ਸਨ ਕਿ ਇਸ ਦਾ ਅਰਥ ਇਹ ਸੀ:

❖ ਕਿ ਉਸ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਜਾਂ ਉਸ ਦੇ ਨਾਲ ਬੁਰਾ ਵਿਹਾਰ ਨਹੀਂ ਕਰਨਾ

❖ ਪਰ ਉਸ ਦੀ ਸੁਰੱਖਿਆ ਕਰਨੀ ਹੈ ਅਤੇ ਰੋਟੀ ਤੋੜਨ ਦੇ ਦੁਆਰਾ ਕਾਇਮ ਕੀਤੇ ਗਏ ਨੇਮ ਦਾ ਆਦਰ ਕਰਨਾ ਹੈ।

❖ **ਸਾਨੂੰ ਵੀ ਇਸ ਨੂੰ ਸਮਝਣਾ ਚਾਹੀਦਾ ਹੈ** ਅਤੇ ਲੇਲੇ ਯਿਸੂ ਮਸੀਹ ਅਤੇ ਇੱਕ ਦੂਸਰੇ ਪ੍ਰਤੀ **ਵਫ਼ਾਦਾਰ** ਰਹਿਣਾ ਚਾਹੀਦਾ ਹੈ।

## ਸਾਡੇ ਇੱਕ ਦੂਸਰੇ ਦੇ ਨਾਲ ਸੰਬੰਧ ਦੇ ਸੰਦਰਭ ਵਿੱਚ ਨੇਮ ਦੇ ਭੋਜਨ ਦਾ ਕੀ ਅਰਥ ਹੈ?

- ਸਮਰਪਣ – ਇੱਕ ਦੂਸਰੇ ਦੀ ਸਫ਼ਲਤਾ ਅਤੇ ਖੁਸ਼ਹਾਲੀ ਲਈ

ਫਿਲਿੱਪੀਆਂ 2:3-4 ਧੜੇ ਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ ਸਗੋਂ ਤੁਸੀਂ ਅਧੀਨਗੀ ਨਾਲ **ਇੱਕ ਦੂਏ** ਨੂੰ **ਆਪਣੇ ਆਪ ਤੋਂ ਉੱਤਮ** ਜਾਣੋ। ਤੁਹਾਡੇ ਵਿੱਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ।

- ਵਫ਼ਾਦਾਰੀ - ਹਾਲਾਤਾਂ ਜਾਂ ਭਾਵਨਾਵਾਂ, ਮਸਲਿਆਂ ਜਾਂ ਦੁੱਖਾਂ ਦੇ ਬਾਵਜੂਦ ਵੀ
- ਸੁਰੱਖਿਆ ਜਾਂ ਸੁਰੱਖਿਆ ਕਰਨਾ - ਪਰ ਪ੍ਰਕਾਰ ਦੇ ਹਮਲੇ ਤੋਂ
- ਇੱਕ ਦੂਸਰੇ ਨੂੰ ਸਰੀਰਕ ਜਾਂ ਸ਼ਾਬਦਿਕ ਰੂਪ ਵਿੱਚ ਨੁਕਸਾਨ ਨਾ ਪਹੁੰਚਾਉਣਾ
- ਇੱਕ ਦੂਸਰੇ ਲਈ ਮੁਹੱਈਆ ਕਰਾਉਣਾ। ਪਹਿਲੀ ਸ਼ਤਾਬਦੀ ਦੀ ਕਲੀਸਿਯਾ ਨੇ "ਰੋਟੀ ਤੋੜਨ" ਦੇ ਨੇਮ ਦੇ ਸਮਰਪਣ ਨੂੰ ਸਮਝਿਆ। **ਰਸੂਲਾਂ ਦੇ ਕਰਤੱਬ** 2:41-47; 4:32-5:11

ਇਹ ਸਭ ਨੇਮ ਦੇ ਭੋਜਨ // ਰੋਟੀ ਤੋੜਨ ਅਤੇ ਸੰਗਤੀ ਦੇ ਕਾਰਨ ਹੈ

## ਸਾਨੂੰ ਆਪਣੇ ਨੇਮ ਦੇ ਸੰਬੰਧਾਂ ਨੂੰ ਹਲਕੇ ਵਿੱਚ **ਨਹੀਂ** ਲੈਣਾ **ਚਾਹੀਦਾ**:

- ਪਰਮੇਸ਼ੁਰ ਦੇ ਨਾਲ ਸਾਡਾ ਨੇਮ

- ਇੱਕ ਦੂਸਰੇ ਨਾਲ ਸਾਡਾ ਨੇਮ

  ਮਲਾਕੀ 2:10 ਕੀ ਅਸਾਂ ਸਾਰਿਆਂ ਦਾ ਇੱਕੋ ਹੀ ਪਿਤਾ ਨਹੀਂ ਅਤੇ ਕੀ ਇੱਕੋ ਹੀ ਪਰਮੇਸ਼ਰ ਨੇ ਸਾਨੂੰ ਨਹੀਂ ਸਾਜਿਆ? ਫੇਰ ਕਿਉਂ ਅਸੀਂ ਆਪਣੇ ਭਰਾਵਾਂ ਤੋਂ ਬੇਪਰਤੀਤੇ ਹੋ ਕੇ ਆਪਣੇ ਪਿਉ ਦਾਦਿਆਂ ਦੇ **ਨੇਮ ਨੂੰ ਪਲੀਤ ਕਰਦੇ ਹਾਂ**?

- ਸਾਡਾ ਵਿਆਹ ਦਾ ਨੇਮ

  ਮਲਾਕੀ 2:14-16 ਤੁਸੀਂ ਆਖਦੇ ਹੋ, ਕੀ ਸਬੱਬ ਹੈ? ਸਬੱਬ ਇਹ ਹੈ ਕਿ ਯਹੋਵਾਹ ਤੇਰੇ ਵਿੱਚ ਅਤੇ ਤੇਰੀ ਜੁਆਨੀ ਦੀ ਇਸਤਰੀ ਵਿੱਚ ਗਵਾਹ ਹੈ ਕਿਉਂ ਜੋ ਤੈਂ ਉਸ ਦੇ ਨਾਲ ਬੇਪਰਤੀਤੀ ਕੀਤੀ, ਭਾਵੇਂ ਉਹ ਤੇਰੀ ਸਾਥਣ ਅਤੇ **ਤੇਰੇ ਨੇਮ ਦੀ ਇਸਤਰੀ ਹੈ**। ਕੀ ਉਸ ਨੇ ਇੱਕ ਨੂੰ ਹੀ ਨਹੀਂ ਰਚਿਆ? ਕੀ ਉਸ ਲਈ ਰੂਹ ਬਾਕੀ ਨਹੀਂ? ਫੇਰ ਇੱਕ ਨੂੰ ਹੀ ਕਿਉਂ? ਉਹ ਪਰਮੇਸ਼ਰ ਦੀ ਨਸਲ ਚਾਹੁੰਦਾ ਸੀ ਸੋ ਤੁਸੀਂ ਆਪਣਿਆਂ ਆਤਮਿਆਂ ਵਿੱਚ ਖਬਰਦਾਰ ਰਹੋ ਅਤੇ ਤੂੰ ਆਪਣੀ ਜੁਆਨੀ ਦੀ ਇਸਤਰੀ ਦੀ ਬੇਪਰਤੀਤੀ ਨਾ ਕਰ।ਕਿਉਂ ਜੋ ਯਹੋਵਾਹ ਇਸਰਾਏਲ ਦਾ ਪਰਮੇਸ਼ਰ ਆਖਦਾ ਹੈ, ਮੈਨੂੰ ਤਿਆਗ ਪੱਤ੍ਰ ਤੋਂ ਘਿਣ ਆਉਂਦੀ ਹੈ ਅਤੇ ਉਸ ਤੋਂ ਜੋ ਆਪਣੇ ਬਸਤਰ ਜ਼ੁਲਮ ਨਾਲ ਢੱਕ ਲੈਂਦਾ ਹੈ, ਸੈਨਾਂ ਦਾ ਯਹੋਵਾਹ ਆਖਦਾ ਹੈ। ਤੁਸੀਂ ਆਪਣਿਆਂ ਆਤਮਿਆਂ ਵਿੱਚ ਖਬਰਦਾਰੀ ਕਰੋ ਅਤੇ ਬੇਪਰਤੀਤੀ ਨਾ ਕਰੋ।

---

- ਯਿਸੂ ਨੇ ਰੋਟੀ ਤੋੜੀ - ਉਸ ਨੇ ਸਾਡੇ ਨਾਲ ਇਸ ਨੇਮ ਨੂੰ ਸਥਾਪਿਤ ਕੀਤਾ। - ਉਸ ਨੇ ਆਪਣੇ ਸਰੀਰ ਨੂੰ ਤੋੜੇ ਜਾਣ ਲਈ ਦੇ ਦਿੱਤਾ।

  ਯੂਹੰਨਾ 10:18 ਕੋਈ ਉਸ ਨੂੰ ਮੈਥੋਂ ਖੋਹੰਦਾ ਨਹੀਂ ਪਰ ਮੈਂ ਆਪੇ ਉਸ ਨੂੰ ਦਿੰਦਾ ਹਾਂ।

- **ਇਹ ਮੇਰਾ ਸਰੀਰ ਹੈ।** ਜਦੋਂ ਅਸੀਂ ਰੋਟੀ ਨੂੰ ਤੋੜਦੇ ਜਾਂ ਲੈਂਦੇ ਹਾਂ:
  - ਅਸੀਂ ਮੰਨਦੇ ਹਾਂ: "ਇਹ **ਮੇਰੇ ਪਾਪ** ਸਨ ਜਿਨ੍ਹਾਂ ਦੇ ਕਾਰਨ ਉਸ ਦੇ ਸਰੀਰ ਨੂੰ ਤੋੜਿਆ ਗਿਆ"।

- ਅਸੀਂ ਉਸ ਦੇ ਨਾਲ ਆਪਣੇ **ਨੇਮ** ਨੂੰ ਯਾਦ ਕਰਦੇ ਹਾਂ ਅਤੇ ਇਸ ਦੀ ਪੁਸ਼ਟੀ ਕਰਦੇ ਹਾਂ।
- ਸਾਰੇ ਲੋਕ ਜਿਨ੍ਹਾਂ ਨੇ ਉਸ ਨੂੰ ਛੂਹਿਆ ਚੰਗੇ ਹੋ ਗਏ। ਜੋ ਰੋਟੀ ਅਸੀਂ ਲੈਂਦੇ ਹਾਂ ਉਹ ਸਾਡੇ ਸਰੀਰ ਦੇ ਹਰੇਕ ਹਿੱਸੇ ਨੂੰ ਛੂਹੇਗੀ ਅਤੇ ਤਾਕਤ, ਜੀਵਨ ਅਤੇ ਚੰਗਾਈ ਦੇਵੇਗੀ।

ਯੂਹੰਨਾ 6:35 ਯਿਸੂ ਨੇ ਉਨ੍ਹਾਂ ਨੂੰ ਆਖਿਆ, **ਜੀਉਣ ਦੀ ਰੋਟੀ ਮੈਂ ਹਾਂ**। ਜੋ ਮੇਰੇ ਕੋਲ **ਆਉਂਦਾ** ਹੈ ਉਹ ਮੂਲੋਂ ਭੁੱਖਾ ਨਾ ਹੋਵੇਗਾ ਅਤੇ ਜੋ ਮੇਰੇ ਉੱਤੇ **ਨਿਹਚਾ** ਕਰਦਾ ਹੈ ਸੋ ਕਦੇ ਵੀ ਤਿਹਾਇਆ ਨਾ ਹੋਵੇਗਾ।

➢ ਨੇਮ ਦਾ ਵਾਅਦਾ

ਯੂਹੰਨਾ 6:51 ਉਹ **ਜੀਉਂਦੀ ਰੋਟੀ** ਜੋ ਸੁਰਗੋਂ ਉਤਰੀ **ਸੋ ਮੈਂ ਹਾਂ**। ਜੇ ਕੋਈ ਇਸ ਰੋਟੀਓਂ ਕੁਝ ਖਾਵੇ ਤਾਂ ਉਹ ਸਦਾ ਤੀਕੁ ਜੀਉਂਦਾ **ਰਹੇਗਾ** (ਨੇਮ ਦਾ ਵਾਅਦਾ) ਅਤੇ ਜੋ **ਰੋਟੀ** ਮੈਂ ਦਿਆਂਗਾ ਸੋ **ਮੇਰਾ ਮਾਸ ਹੈ** ਜਿਹੜਾ ਜਗਤ ਦੇ ਜੀਉਣ ਲਈ ਮੈਂ ਦਿਆਂਗਾ।

---

**ਲੂਕਾ** 22:20 ਅਤੇ ਖਾਣ ਦੇ ਪਿੱਛੋਂ ਇਸੇ ਤਰਾਂ **ਉਸ ਨੇ ਪਿਆਲਾ** ਦੇ ਕੇ ਕਿਹਾ ਕਿ ਇਹ ਪਿਆਲਾ **ਮੇਰੇ ਲਹੂ** ਵਿੱਚ ਜੋ **ਤੁਹਾਡੇ ਲਈ** ਵਹਾਇਆ ਜਾਂਦਾ ਹੈ **ਨਵਾਂ ਨੇਮ ਹੈ**।

ਵਿਸ਼ਵਾਸੀਆਂ ਲਈ ਯਿਸੂ ਨੇ ਪੁਰਾਣੇ ਨੇਮ ਦੇ ਪਸਾਹ ਦੇ ਭੋਜ ਨੂੰ ਬਦਲ ਕੇ ਨਵੇਂ ਨੇਮ ਦਾ ਪ੍ਰਭੂ ਭੋਜ ਬਣਾ ਦਿੱਤਾ।
ਉਸ ਨੇ ਲੇਲਿਆਂ ਦੇ ਲਹੂ ਨੂੰ ਆਪਣੇ ਲਹੂ ਨਾਲ ਬਦਲ ਦਿੱਤਾ।

ਲਹੂ ਦਾ ਨੇਮ ਰੋਟੀ ਦੇ ਨੇਮ ਨਾਲੋਂ ਜ਼ਿਆਦਾ ਵਿਆਪਕ ਹੈ। ਹੇਠਾਂ ਜੋ ਦੱਸਿਆ ਗਿਆ ਹੈ ਉਹ ਵਿਆਹ ਦੇ ਨੇਮ ਲਈ ਵੀ ਸੱਚ ਹੈ। ਅੱਗੇ ਦਿੱਤਾ ਵਿਆਹ ਦੇ ਨੇਮ ਦੇ ਸੰਬੰਧ ਵਿੱਚ ਵੀ ਸੱਚ ਹੈ।

ਮਲਾਕੀ 2:14 ਸਬੱਬ ਇਹ ਹੈ ਕਿ ਯਹੋਵਾਹ ਤੇਰੇ ਵਿੱਚ ਅਤੇ ਤੇਰੀ ਜੁਆਨੀ ਦੀ ਇਸਤਰੀ ਵਿੱਚ ਗਵਾਹ ਹੈ।
ਪਰਮੇਸ਼ੁਰ ਦੀ ਰੂਪ ਰੇਖਾ ਦੇ ਅਨੁਸਾਰ ਇੱਕ ਝਿੱਲੀ ਫੱਟਦੀ ਹੈ ਅਤੇ ਵਿਆਹ ਦੀ ਪਹਿਲੀ ਕਿਰਿਆ ਦੇ ਵਿੱਚ ਲਹੂ ਵਹਿੰਦਾ ਹੈ।

- ਲਹੂ ਦੇ ਨੇਮ ਦੇ ਮੈਂਬਰ **ਇੱਕ** ਹੋ ਜਾਂਦੇ ਹਨ। ਪਰਿਵਾਰ। ਇੱਕੋ ਲਹੂ।

ਰੋਮੀਆਂ 12:5 ਤਿਵੇਂ **ਅਸੀਂ** ਜੋ ਢੇਰ ਸਾਰੇ ਹਾਂ ਮਸੀਹ ਵਿੱਚ ਮਿਲ ਕੇ **ਇੱਕ ਸਰੀਰ** ਹਾਂ ਅਰ ਇੱਕ ਇੱਕ ਕਰਕੇ **ਇੱਕ ਦੂਏ ਦੇ ਅੰਗ ਹਾਂ**।

ਅਫਸੀਆਂ 3:14-15 ਇਸ ਕਾਰਨ ਮੈਂ ਉਸ **ਪਿਤਾ** ਦੇ ਅੱਗੇ ਆਪਣੇ ਗੋਡੇ ਨਿਵਾਉਂਦਾ ਹਾਂ। ਜਿਸ ਤੋਂ ਅਕਾਸ਼ ਅਤੇ ਧਰਤੀ ਉਤਲੇ **ਹਰੇਕ ਘਰਾਣੇ** ਦਾ **ਨਾਉਂ ਆਖੀਦਾ ਹੈ**।

ਇਬਰਾਨੀਆਂ 2:11-12 ਕਿਉਂਕਿ **ਉਹ** ਜਿਹੜਾ ਪਵਿੱਤਰ ਕਰਦਾ ਹੈ ਅਤੇ **ਓਹ** ਜਿਹੜੇ ਪਵਿੱਤਰ ਕੀਤੇ ਜਾਂਦੇ ਹਨ **ਸੱਭੇ ਇੱਕ ਤੋਂ ਹੀ ਹਨ**। ਇਸ ਕਰਕੇ ਉਹ ਉਨ੍ਹਾਂ ਨੂੰ ਭਰਾ ਆਖਣ ਤੋਂ ਨਹੀਂ

ਸ਼ਰਮਾਉਂਦਾ। ਪਰ ਏਹ ਕਹਿੰਦਾ,-ਮੈਂ ਆਪਣਿਆਂ **ਭਾਈਆਂ** ਨੂੰ ਤੇਰਾ ਨਾਮ ਸੁਣਾਵਾਂਗਾ, ਮੈਂ ਕਲੀਸਿਯਾ ਵਿੱਚ ਤੇਰੀ ਉਸਤਤ ਕਰਾਂਗਾ।

- ਜੋ ਕਿਸੇ **ਇੱਕ** ਨਾਲ ਹੁੰਦਾ ਹੈ ਉਹ ਦੂਸਰਿਆਂ ਨਾਲ ਵੀ ਹੁੰਦਾ ਹੈ।

ਉਸ ਦੀ ਮੌਤ ਸਾਡੀ ਮੌਤ ਸੀ: (ਰੋਮੀਆਂ 6:23; 2 ਕੁਰਿੰਥੀਆਂ 5:21)

2 ਕੁਰਿੰਥੀਆਂ 5:14 **ਭਈ ਇੱਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ।**

ਗਲਾਤੀਆਂ 2:20 **ਮੈਂ ਮਸੀਹ ਦੇ ਲਈ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਮਸੀਹ ਮੇਰੇ ਵਿੱਚ ਜੀਉਂਦਾ ਹੈ ਦੋਵੇਂ ਇੱਕ ਹਨ!**

ਕੁਲੁੱਸੀਆਂ 3:3-4 **ਕਿਉਂ ਜੋ ਤੁਸੀਂ ਮੋਏ** ਅਤੇ ਤੁਹਾਡਾ ਜੀਵਨ ਮਸੀਹ ਦੇ ਨਾਲ ਪਰਮੇਸ਼ੁਰ ਵਿੱਚ ਗੁਪਤ ਹੋਇਆ ਹੈ।[4]ਜਿਸ ਵੇਲੇ ਮਸੀਹ ਜੋ ਸਾਡਾ ਜੀਵਨ ਹੈ ਪਰਗਟ ਕੀਤਾ ਜਾਵੇਗਾ **ਉਸ ਵੇਲੇ ਤੁਸੀਂ ਵੀ ਉਹ ਦੇ ਨਾਲ** ਤੇਜ ਵਿੱਚ **ਪਰਗਟ ਕੀਤੇ ਜਾਓਗੇ**।

ਉਸ ਦਾ ਪੁਨਰਉੱਥਾਨ ਸਾਡਾ ਪੁਨਰਉੱਥਾਨ ਸੀ:

ਯੂਹੰਨਾ 14:19 … **ਇਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਭੀ ਜੀਓਗੇ।**

ਕੁਲੁੱਸੀਆਂ 2:12-13 ਤੁਸੀਂ ਬਪਤਿਸਮਾ ਵਿੱਚ **ਉਹ ਦੇ ਨਾਲ ਦੱਬੇ** ਗਏ ਜਿਹ ਦੇ ਵਿੱਚ ਪਰਮੇਸ਼ਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹ ਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ **ਉਹ ਦੇ ਨਾਲ ਉਠਾਏ ਵੀ ਗਏ**। ਅਤੇ **ਉਸ ਨੇ ਤੁਹਾਨੂੰ** ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ **ਉਹ ਦੇ ਨਾਲ ਜਿਵਾਲਿਆ** ਕਿਉਂ ਜੋ ਉਸ ਨੇ ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ।

ਅਫਸੀਆਂ 2:4-7 ਪਰੰਤੂ ਪਰਮੇਸ਼ਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ। ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ **ਸਾਨੂੰ ਮਸੀਹ ਦੇ ਨਾਲ ਜਿਵਾਲਿਆ** (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ) ਅਤੇ ਉਹ ਨੇ **ਸਾਨੂੰ** ਉਸ ਦੇ ਨਾਲ ਉਠਾਇਆ ਅਰ ਸਾਨੂੰ **ਮਸੀਹ ਯਿਸੂ ਵਿੱਚ** ਸੁਰਗੀ ਥਾਵਾਂ ਉੱਤੇ **ਉਸ ਦੇ ਨਾਲ ਬਹਾਲਿਆ**। ਭਈ ਉਸ ਦਿਆਲਗੀ ਨਾਲ ਜੋ ਮਸੀਹ ਯਿਸੂ ਵਿੱਚ ਸਾਡੇ ਉੱਤੇ ਹੈ ਉਹ ਆਉਣ ਵਾਲਿਆਂ ਜੁੱਗਾਂ ਵਿੱਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇ।

ਕਿਉਂਕਿ ਅਸੀਂ "ਉਸ ਵਿੱਚ ਹਾਂ," "ਉਸ ਨਾਲ ਇੱਕ ਹਾਂ" ਇਸ ਲਈ ਇਹ:
ਪੂਰਾ, ਮੁਕੰਮਲ ਕੰਮ ਹੈ।

- ਜੋ ਇੱਕ ਦਾ ਹੈ - ਉਹ ਦੂਸਰੇ ਦਾ ਵੀ ਹੈ।

ਰੋਮੀਆਂ 8:16-17 ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ **ਭਈ ਅਸੀਂ ਪਰਮੇਸ਼ਰ ਦੇ ਬਾਲਕ ਹਾਂ**। [17]ਅਤੇ ਜੇ ਬਾਲਕ ਹਾਂ ਤਾਂ **ਅਧਕਾਰੀ** ਵੀ ਹਾਂ, **ਪਰਮੇਸ਼ਰ ਦੇ ਅਧਕਾਰੀ**

ਅਤੇ **ਮਸੀਹ ਦੇ ਨਾਲ ਸਾਂਝੇ ਅਧਕਾਰੀ** ਪਰ ਤਦੇ ਜੇ ਅਸੀਂ ਉਹ ਦੇ ਨਾਲ ਦੁੱਖ ਝੱਲੀਏ ਭਈ ਉਹ ਦੇ ਨਾਲ ਅਸੀਂ ਵਡਿਆਏ ਜਾਈਏ।

- ਇਹ ਭਰੋਸੇਯੋਗ, ਪੱਕਾ, ਅਨੰਤ ਕਾਲ ਦਾ ਅਤੇ ਸਦੀਪਕ ਨੇਮ ਹੈ।

ਇਬਰਾਨੀਆਂ 9:12 ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ **ਆਪਣੇ ਹੀ ਲਹੂ ਦੇ ਰਾਹੀਂ** ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ** ਕਮਾ ਕੇ ਇੱਕੋ ਵਾਰ ਅੰਦਰ ਗਿਆ।

ਇਬਰਾਨੀਆਂ 9:15 ਇਸੇ ਕਾਰਨ **ਉਹ ਨਵੇਂ ਨੇਮ ਦਾ ਵਿਚੋਲਾ ਹੈ** ਕਿਉਂਕਿ ਇੱਕ ਮੌਤ ਹੋਈ ਹੈ ਜਿਹੜੀ ਪਹਿਲੇ ਨੇਮ ਦੇ ਅਪਰਾਧਾਂ ਤੋਂ ਛੁਡਾਉਂਦੀ ਹੈ ਭਈ **ਓਹ ਜਿਹੜੇ ਸੱਦੇ ਹੋਏ ਹਨ ਸਦੀਪਕਾਲ ਦੇ ਵਿਰਸੇ** ਦੇ ਵਾਇਦੇ ਨੂੰ ਪਰਾਪਤ ਕਰਨ।

ਵਿਆਹ ਦਾ ਨੇਮ ਵੀ ਭਰੋਸੇਯੋਗ, ਪੱਕਾ, ਅਨੰਤ ਕਾਲ ਤੱਕ ਅਤੇ ਸਦੀਪਕਤਾ ਦਾ ਹੈ।

ਵਿਆਹ ਦਾ ਨੇਮ: **ਦੋਵੇਂ ਇੱਕ ਹਨ**
ਅਫਸੀਆਂ 5:25, 28-31

ਮੱਤੀ 19:6 ਸੋ ਹੁਣ ਓਹ ਦੋ ਨਹੀਂ ਬਲਕਣ **ਇੱਕੋ** ਸਰੀਰ ਹਨ। ਸੋ ਜੋ ਕੁਝ ਪਰਮੇਸ਼ਰ ਨੇ ਜੋੜ ਦਿੱਤਾ ਹੈ ਉਹ ਨੂੰ ਮਨੁੱਖ ਅੱਡ ਨਾ ਕਰੇ।

- **ਅਸੀਂ ਸਾਰੇ ਇੱਕ ਹਾਂ।**

1 ਕੁਰਿੰਥੀਆਂ 10:16-17 ਉਹ ਬਰਕਤ ਦਾ ਪਿਆਲਾ ਜਿਹ ਦੇ ਉੱਤੇ ਅਸੀਂ ਬਰਕਤ ਮੰਗਦੇ ਹਾਂ ਕੀ ਉਹ **ਮਸੀਹ ਦੇ ਲਹੂ ਦੀ ਸਾਂਝ** ਨਹੀਂ? ਉਹ ਰੋਟੀ ਜਿਹ ਨੂੰ ਅਸੀਂ ਤੋੜਦੇ ਹਾਂ ਕੀ ਉਹ **ਮਸੀਹ ਦੇ ਸਰੀਰ ਦੀ ਸਾਂਝ** ਨਹੀਂ? [17]ਰੋਟੀ ਇੱਕੋ ਹੈ ਇਸ ਲਈ **ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇੱਕ ਸਰੀਰ ਹਾਂ** ਕਿਉਂ ਜੋ ਅਸੀਂ ਸੱਭੇ ਇੱਕ ਰੋਟੀ ਵਿੱਚ ਸਾਂਝੀ ਹਾਂ।

**ਯਿਸੂ ਦੀ ਪ੍ਰਾਰਥਨਾ:**

ਯੂਹੰਨਾ 17:20-23 ਮੈਂ ਨਿਰਾ ਏਹਨਾਂ ਹੀ ਲਈ ਬੇਨਤੀ ਨਹੀਂ ਕਰਦਾ ਪਰ ਓਹਨਾਂ ਲਈ ਵੀ ਜਿਹੜੇ ਏਹਨਾਂ ਦੇ ਬਚਨ ਨਾਲ ਮੇਰੇ ਉੱਤੇ ਨਿਹਚਾ ਕਰਨਗੇ। [21]ਜੋ **ਓਹ ਸਭ ਇੱਕੋ ਹੋਣ** ਜਿਸ ਤਰਾਂ, **ਹੇ ਪਿਤਾ, ਤੂੰ ਮੇਰੇ ਵਿੱਚ ਅਤੇ ਮੈਂ ਤੇਰੇ ਵਿੱਚ ਹਾਂ** ਜੋ ਓਹ ਵੀ ਸਾਡੇ ਵਿੱਚ ਹੋਣ ਤਾਂ ਜੋ ਜਗਤ ਸਤ ਮੰਨੇ ਭਈ ਤੈਂ ਮੈਨੂੰ ਘੱਲਿਆ। [22]ਅਤੇ ਜਿਹੜੀ ਵਡਿਆਈ ਤੈਂ ਮੈਨੂੰ ਦਿੱਤੀ ਹੈ ਉਹ ਮੈਂ ਓਹਨਾਂ ਨੂੰ ਦਿੱਤੀ ਹੈ ਤਾਂ ਜੋ **ਓਹ ਇੱਕੋ ਹੋਣ ਜਿਸ ਤਰਾਂ ਅਸੀਂ ਇੱਕੋ ਹਾਂ**। [23]**ਮੈਂ ਓਹਨਾਂ ਵਿੱਚ ਅਤੇ ਤੂੰ ਮੇਰੇ ਵਿੱਚ** ਤਾਂ ਕਿ ਓਹ ਸਿੱਧ ਹੋ ਕੇ **ਇੱਕ ਹੋ ਜਾਣ** ਭਈ ਜਗਤ ਜਾਣ ਲਵੇ ਜੋ ਤੈਂ ਮੈਨੂੰ ਘੱਲਿਆ ਅਤੇ ਓਹਨਾਂ ਨਾਲ ਪਿਆਰ ਕੀਤਾ ਜਿਵੇਂ ਤੈਂ ਮੇਰੇ ਨਾਲ ਪਿਆਰ ਕੀਤਾ।

ਯਿਸੂ ਦੀ ਪ੍ਰਾਰਥਨਾ ਦਾ ਉੱਤਰ ਮਿਲਿਆ ਅਤੇ ਇਹ ਉਸ ਦੇ ਲਹੂ ਵਿੱਚ ਨਵੇਂ ਨੇਮ ਵਿੱਚ ਪੂਰੀ ਹੋਈ।

(19) ਮੇਰੀ **ਯਾਦਗਰੀ** ਲਈ ਇਹ ਕਰਿਆ ਕਰੋ **ਨੇਮ ਦਾ ਭੋਜਨ ਯਿਸੂ ਮਸੀਹ ਦੇ ਛੁਟਕਾਰੇ ਦੇ ਕੰਮ ਅਤੇ ਉਸ ਦੇ ਉਸ ਲਹੂ ਦੇ ਨੇਮ ਦੀ** ਯਾਦਗਰੀ ਉੱਤੇ ਕੇਂਦ੍ਰਿਤ ਹੈ **ਜਿਸ ਵਿੱਚ ਅਸੀਂ ਉਸ ਦੇ ਦੁਆਰਾ ਦਾਖਲ ਹੋਏ ਹਾਂ।**

- ਉਸ ਦੇ ਲਹੂ ਨੇ ਸਾਨੂੰ ਧਰਮੀ ਠਹਿਰਾਇਆ ਹੈ:

ਰੋਮੀਆਂ 5:9 ਸੋ ਜਦੋਂ ਅਸੀਂ ਹੁਣ **ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ** ਤਾਂ ਇਸ ਨਾਲੋਂ ਬਹੁਤ ਵੱਧ ਕੇ **ਅਸੀਂ** ਉਹ ਦੇ ਰਾਹੀਂ ਉਸ ਕ੍ਰੋਧ ਤੋਂ **ਬਚ ਜਾਵਾਂਗੇ**।

- ਉਸ ਦੇ ਲਹੂ ਨੇ ਸਾਨੂੰ ਛੁਟਕਾਰਾ ਦਿੱਤਾ ਹੈ:

ਇਬਰਾਨੀਆਂ 9:12 ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ **ਆਪਣੇ ਹੀ ਲਹੂ** ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ** ਕਮਾ ਕੇ ਇੱਕੋ ਵਾਰ ਅੰਦਰ ਗਿਆ।

- ਉਸ ਦੇ ਲਹੂ ਨੇ ਸਾਨੂੰ ਮਾਫ਼ ਕੀਤਾ ਹੈ:

ਇਬਰਾਨੀਆਂ 10:17-19 ਅਤੇ ਓਹਨਾਂ ਦੇ ਪਾਪਾਂ ਨੂੰ, ਅਤੇ ਓਹਨਾਂ ਦੀਆਂ ਬਦਕਾਰੀਆਂ ਨੂੰ **ਫੇਰ ਕਦੇ ਚੇਤੇ ਨਾ ਕਰਾਂਗਾ**। ਸੋ **ਜਿੱਥੇ** ਇਨ੍ਹਾਂ ਦੀ **ਮਾਫ਼ੀ ਹੈ** ਉੱਥੇ ਪਾਪ ਲਈ ਫੇਰ ਭੇਟ ਨਹੀਂ ਚੜ੍ਹਾਈ ਜਾਂਦੀ। ਉਪਰੰਤ ਹੇ ਭਰਾਵੋ, ਜਦੋਂ ਸਾਨੂੰ **ਯਿਸੂ ਦੇ ਲਹੂ** ਦੇ ਕਾਰਨ ਪਵਿੱਤਰ ਅਸਥਾਨ ਦੇ ਅੰਦਰ ਜਾਣ ਦੀ ਦਿਲੇਰੀ ਹੈ।

- ਉਸ ਦਾ ਲਹੂ ਸਾਨੂੰ ਸ਼ੁੱਧ ਕਰਦਾ ਹੈ

1 ਯੂਹੰਨਾ 1:70 ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀਂ ਸੰਗਤ ਹੈ ਅਤੇ ਉਹ ਦੇ ਪੁੱਤਰ **ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ**।

- ਉਸ ਦਾ ਲਹੂ ਸਾਡਾ ਮਿਲਾਪ ਕਰਾਉਂਦਾ ਹੈ:

ਕੁਲੁੱਸੀਆਂ 1:22 **ਉਸ ਨੇ ਹੁਣ** ਉਹ ਦੀ ਮਾਸ ਦੀ ਕਾਇਆਂ ਨਾਲ ਮੌਤ ਦੇ ਵਸੀਲੇ **ਮਿਲਾ ਲਿਆ** ਤਾਂ ਜੋ ਉਹ ਤੁਹਾਨੂੰ **ਪਵਿੱਤਰ, ਨਿਰਦੋਸ਼,** ਅਤੇ **ਬੇਇਲਜ਼ਾਮ** ਆਪਣੇ ਸਨਮੁਖ ਖੜਾ ਕਰੇ।

- ਯਿਸੂ ਮਸੀਹ ਦਾ ਲਹੂ ਸਾਨੂੰ ਪਵਿੱਤਰ ਕਰਦਾ ਹੈ

ਇਬਰਾਨੀਆਂ 13:12 ਇਸ ਲਈ ਯਿਸੂ ਨੇ ਵੀ ਭਈ ਲੋਕਾਂ ਨੂੰ **ਆਪਣੇ ਲਹੂ ਨਾਲ ਪਵਿੱਤਰ ਕਰੇ** ਫਾਟਕੋਂ ਬਾਹਰ ਦੁੱਖ ਝੱਲਿਆ।

ਇਹ ਸਭ ਕੁਝ
ਪਰਮੇਸ਼ੁਰ ਦੇ ਲੇਲੇ
**ਯਿਸੂ ਮਸੀਹ ਦੇ**
ਲਹੂ ਅਤੇ ਸਾਡੇ ਨਾਲ ਉਸ ਦੇ ਨੇਮ ਦੇ ਕਾਰਨ ਹੈ।

ਰੋਟੀ (ਜੋ ਉਸ ਦੇ ਸਰੀਰ ਨੂੰ ਦਰਸਾਉਂਦੀ ਹੈ) ਅਤੇ ਅੰਗੂਰਾਂ ਦਾ ਰਸ (ਜੋ ਉਸ ਦੇ ਲਹੂ ਨੂੰ ਦਰਸਾਉਂਦਾ ਹੈ) ਵਿੱਚ ਸਾਂਝੀ ਹੋਣ ਤੋਂ ਪਹਿਲਾਂ . . . ਵਿਚਾਰ ਕਰੋ . . . ਇਸ ਦੇ ਅਰਥ ’ਤੇ ਵਿਚਾਰ ਕਰੋ . . . ਤੁਹਾਡੇ ਲਈ ਉਸ ਦਾ ਸਮਰਪਣ . . . ਅਤੇ ਉਸ ਨਾਲ ਅਤੇ ਦੂਸਰਿਆਂ ਨਾਲ ਵਫ਼ਾਦਾਰ ਰਹਿਣ ਦਾ ਤੁਹਾਡਾ ਸਮਰਪਣ।

ਜੇਕਰ ਅਸੀਂ ਸ਼ਾਂਤੀ ਵਿੱਚ ਨਹੀਂ ਹਾਂ ਜਾਂ ਪਰਮੇਸ਼ੁਰ ਦੇ ਨਾਲ ਇੱਕ ਨਹੀਂ ਹਾਂ ਜਾਂ ਇੱਕ ਦੂਸਰੇ (ਆਪਣੀ ਪਤਨੀ) ਨਾਲ ਸ਼ਾਂਤੀ ਵਿੱਚ ਨਹੀਂ ਹਾਂ, **ਤਾਂ ਅਸੀਂ ਆਪਣੇ ਸਮਰਪਣ ਨੂੰ ਛੱਡ ਦਿੱਤਾ ਹੈ।**

- ❖ ਅਸੀਂ ਆਪਣੇ ਜੀਵਨ ਵਿੱਚ ਸਮੱਸਿਆਵਾਂ ਨੂੰ ਆਉਣ ਦਿੰਦੇ ਹਾਂ ਅਤੇ ਲਿਆਉਂਦੇ ਹਾਂ (ਦੁਸ਼ਮਣ ਨੂੰ ਆਉਣ ਦਿੰਦੇ ਹਾਂ)
- ❖ ਅਤੇ ਸੰਭਵ ਹੈ ਕਿ ਇਸ ਦੇ ਗੰਭੀਰ ਨਤੀਜੇ ਹੋਣ!!

ਪੌਲੁਸ ਨੇ ਇਹ ਗੱਲ ਸੰਸਾਰਿਕ ਕਲੀਸਿਯਾ ਨੂੰ ਪੱਤ੍ਰੀ ਲਿਖਦੇ ਹੋਏ ਕੀਤੀ:

1 ਕੁਰਿੰਥੀਆਂ 3:1-4 ਹੇ ਭਰਾਵੋ, ਮੈਂ ਤੁਹਾਡੇ ਨਾਲ ਐਉਂ ਨਾ ਬੋਲ ਸੱਕਿਆ ਜਿੱਦਾਂ ਆਤਮਕਾਂ ਨਾਲ ਸਗੋਂ ਜਿੱਦਾਂ **ਸਰੀਰਕਾਂ** ਨਾਲ ਬੋਲੀਦਾ ਹੈ। ਹਾਂ, ਜਿੱਦਾਂ ਓਹਨਾਂ ਨਾਲ ਜਿਹੜੇ ਮਸੀਹ ਵਿੱਚ ਨਿਆਣੇ ਹਨ।(2) ਮੈਂ ਤੁਹਾਨੂੰ ਦੁੱਧ ਪਿਆਇਆ, ਅੰਨ ਨਹੀਂ ਖੁਆਇਆ ਕਿਉਂ ਜੋ ਅਜੇ ਤੁਸੀਂ ਉਹ ਦੇ ਜੋਗੇ ਨਹੀਂ ਸਾਓ ਸਗੋਂ ਹੁਣ ਭੀ ਉਹ ਦੇ ਜੋਗੇ ਨਹੀਂ ਹੋ।(3) ਤੁਸੀਂ ਹੁਣ ਤੀਕ **ਸਰੀਰਕ** ਹੋ ਕਿਉਂਕਿ ਜਦੋਂ **ਜਲਣ** ਅਤੇ **ਝਗੜੇ** ਤੁਹਾਡੇ ਵਿੱਚ ਹਨ ਤਾਂ ਕੀ ਤੁਸੀਂ **ਸਰੀਰਕ** ਨਹੀਂ?

- ਉਹ ਏਕਤਾ ਵਿੱਚ ਨਹੀਂ ਸਨ। **ਯਾਕੂਬ** 3:16 ਕਿਉਂਕਿ ਜਿੱਥੇ **ਈਰਖਾ** ਅਤੇ **ਧੜੇਬਾਜ਼ੀ** ਹੁੰਦੀ ਹੈ ਉੱਥੇ **ਘਮਸਾਣ** ਅਤੇ ਹਰ ਭਾਂਤ ਦਾ **ਮੰਦਾ** ਕੰਮ ਹੁੰਦਾ ਹੈ।

1 ਕੁਰਿੰਥੀਆਂ 10 ਵਿੱਚ ਪੌਲੁਸ ਵੱਲੋਂ ਇਸਰਾਏਲ ਦੁਆਰਾ ਪਸਾਹ ਦੇ ਲਹੂ ਦੇ ਨੇਮ ਦਾ ਨਿਰਾਦਰ ਕਰਨ ਤੋਂ ਬਾਅਦ ਦੇ ਨਤੀਜਿਆਂ ਦੇ ਅਨੁਭਵ ਦੀ **ਤੁਲਨਾ** ਸਾਡੇ ਨਵੇਂ ਨੇਮ ਨਾਲ ਕੀਤੀ ਗਈ ਹੈ, **ਉਹ ਸਾਨੂੰ ਇਸ ਦੇ ਨਤੀਜਿਆਂ ਦੀ ਚੇਤਾਵਨੀ ਵੀ ਦਿੰਦਾ ਹੈ।**

1 ਕੁਰਿੰਥੀਆਂ 10 ਹੇ ਭਰਾਵੋ, ਮੈਂ ਨਹੀਂ ਚਾਹੁੰਦਾ ਜੋ ਤੁਸੀਂ ਇਸ ਤੋਂ ਅਣਜਾਣ ਰਹੋ ਭਈ ਸਾਡੇ ਪਿਉ ਦਾਦੇ ਬੱਦਲ ਦੇ ਹੇਠ ਸਨ ਅਤੇ ਓਹ ਸੱਭੇ ਸਮੁੰਦਰ ਦੇ ਵਿੱਚੋਂ ਦੀ ਲੰਘ ਗਏ।(2) ਅਤੇ ਸਭਨਾ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ।(3) ਸਭਨਾਂ ਨੇ ਇੱਕੋ ਆਤਮਕ ਭੋਜਨ **ਖਾਧਾ**।(4) ਅਤੇ ਸਭਨਾਂ ਨੇ ਇੱਕੋ ਆਤਮਕ ਜਲ **ਪੀਤਾ** ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ। (5) ਪਰੰਤੂ ਪਰਮੇਸ਼ੁਰ ਓਹਨਾਂ ਵਿੱਚੋਂ ਬਾਹਲਿਆਂ **ਨਾਲ ਪਰਸੰਨ ਨਹੀਂ ਸੀ** ਸੋ ਓਹ ਉਜਾੜ ਵਿੱਚ ਢਹਿ ਪਏ।

(6) **ਅਤੇ ਏਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ** ਭਈ ਅਸੀਂ **ਮਾੜੀਆਂ ਗੱਲਾਂ ਦੀਆਂ ਕਾਮਨਾਂ** ਨਾ ਕਰੀਏ ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ।
(ਗਿਣਤੀ 11 ਵਿੱਚ ਮੰਨ ਦੇ ਸੰਬੰਧ ਵਿੱਚ ਸ਼ਕਾਇਤ ਕਰਨ ਦਾ ਅਤੇ ਉਸ ਭੋਜਨ ਲਈ ਰੋਣ ਦਾ ਜ਼ਿਕਰ ਹੈ, ਜੋ ਉਹ ਮਿਸਰ ਵਿੱਚ ਖਾਂਦੇ ਸਨ।)

(7) ਅਤੇ ਨਾ ਤੁਸੀਂ **ਮੂਰਤੀ ਪੂਜਕ** ਹੋਵੋ ਜਿਵੇਂ ਓਹਨਾਂ ਵਿੱਚੋਂ ਕਈਕੁ ਹੋਏ ਸਨ। ਜਿਸ ਪਰਕਾਰ ਲਿਖਿਆ ਹੋਇਆ ਹੈ ਜੋ ਓਹ ਲੋਕ ਖਾਣ ਪੀਣ ਬੈਠੇ ਅਤੇ ਹੱਸਣ ਖੇਡਣ ਨੂੰ ਉੱਠੇ।(ਕੂਚ 32:4, 6)

(8) ਅਤੇ ਨਾ ਅਸੀਂ **ਹਰਾਮਕਾਰੀ** ਕਰੀਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ ਇੱਕੋ ਦਿਨ ਵਿੱਚ **ਤੇਈ ਹਜ਼ਾਰ ਜਣਿਆਂ** ਦੇ ਸੱਥਰ ਲੱਥੇ।(ਸਾਡੇ ਲਈ ਇੱਕ ਉਦਾਹਰਣ – ਪਰਮੇਸ਼ੁਰ ਪਰਸੰਨ ਨਹੀਂ ਸੀ)

(9) ਅਤੇ ਨਾ ਅਸੀਂ ਪ੍ਰਭੂ ਨੂੰ **ਪਰਤਾਈਏ** ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਪਰਤਾਇਆ ਸੀ ਅਤੇ ਸੱਪਾਂ ਤੋਂ **ਨਾਸ** ਹੋਏ। (ਗਿਣਤੀ 21) (ਸਾਡੇ ਲਈ ਇੱਕ ਉਦਾਹਰਣ – ਪਰਮੇਸ਼ੁਰ ਪਰਸੰਨ ਨਹੀਂ ਸੀ)

(10) ਅਤੇ ਨਾ ਤੁਸੀਂ **ਬੁੜ ਬੁੜ** ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ ਨਾਸ ਕਰਨ ਵਾਲੇ ਤੋਂ **ਨਾਸ** ਹੋਏ। (ਗਿਣਤੀ 16:41; 17:5, 10)

ਸਾਡੇ ਲਈ ਇੱਕ ਉਦਾਹਰਣ – ਪਰਮੇਸ਼ੁਰ ਪਰਸੰਨ ਨਹੀਂ ਸੀ

- ਇਹ ਪਾਪ "*ਮੌਤ ਦਾ ਕਾਰਨ*" ਸਨ, ਇੱਕ ਸਰੀਰਕ ਮੌਤ ਦਾ, **ਨਾ** ਕਿ ਸਦੀਪਕ ਮੌਤ ਦਾ, ਕਿਉਂਕਿ ਉਹ ਲੇਲੇ ਦੇ ਲਹੂ ਦੇ ਨੇਮ ਵਿੱਚ ਸਨ।

- ਉਨ੍ਹਾਂ ਦਾ **ਇਨਕਾਰ ਨਹੀਂ ਕੀਤਾ ਗਿਆ**, ਉਹ ਕੇਵਲ ਪਰਮੇਸ਼ੁਰ ਨੂੰ "***ਭਾਉਂਦੇ ਨਹੀਂ ਸਨ***"।

(11) ਸੋ ਏ ਗੱਲਾਂ ਓਹਨਾਂ ਉੱਤੇ **ਨਸੀਹਤ** ਦੇ ਲਈ ਹੋਈਆਂ ਅਤੇ **ਸਾਨੂੰ ਮੱਤ** ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।(16) ਉਹ **ਬਰਕਤ ਦਾ ਪਿਆਲਾ** ਜਿਹ ਦੇ ਉੱਤੇ ਅਸੀਂ ਬਰਕਤ ਮੰਗਦੇ ਹਾਂ ਕੀ ਉਹ ਮਸੀਹ ਦੇ **ਲਹੂ ਦੀ ਸਾਂਝ** ਨਹੀਂ ? ਉਹ **ਰੋਟੀ** ਜਿਹ ਨੂੰ ਅਸੀਂ ਤੋੜਦੇ ਹਾਂ ਕੀ ਉਹ **ਮਸੀਹ ਦੇ ਸਰੀਰ ਦੀ ਸਾਂਝ** ਨਹੀਂ ? (17) **ਰੋਟੀ ਇੱਕੋ** ਹੈ ਇਸ ਲਈ ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇੱਕ ਸਰੀਰ ਹਾਂ ਕਿਉਂ ਜੋ ਅਸੀਂ ਸੱਭੇ ਇੱਕ ਰੋਟੀ ਵਿੱਚ ਸਾਂਝੀ ਹਾਂ। (18) ਤੁਸੀਂ ਓਹਨਾਂ ਵੱਲ ਧਿਆਨ ਕਰੋ ਜਿਹੜੇ ਸਰੀਰ ਦੇ ਸਰਬੰਧ ਕਰਕੇ ਇਸਰਾਏਲੀ ਹਨ। ਜੋ ਬਲੀਦਾਨਾਂ ਦੇ ਖਾਣ ਵਾਲੇ ਹਨ ਕੀ ਓਹ ਜਗਵੇਦੀ ਦੇ ਸਾਂਝੀ ਨਹੀਂ ?

- ਇਸ ਰੋਟੀ ਵਿੱਚੋਂ ਖਾਣ ਦੁਆਰਾ ਅਤੇ ਉਸ ਪਿਆਲੇ ਵਿੱਚੋਂ ਪੀਣ ਦੇ ਦੁਆਰਾ ਅਸੀਂ ਜਗਵੇਦੀ ਵਿੱਚ, ਯਿਸੂ ਮਸੀਹ ਦੇ ਬਲੀਦਾਨ ਵਿੱਚ, ਮੌਤ ਵਿੱਚ ਅਤੇ ਉਸ ਦੇ ਪੁਨਰਉੱਥਾਨ ਵਿੱਚ ਸਾਂਝੀ ਹੁੰਦੇ ਹਾਂ।

ਪੌਲੁਸ ਇਸ ਵਿਸ਼ੇ ਨੂੰ ਅਗਲੇ ਅਧਿਆਇ ਵਿੱਚ ਜਾਰੀ ਰੱਖਦਾ ਹੈ:

1 ਕੁਰਿੰਥੀਆਂ 11:23-30
ਮੈਂ ਤਾਂ ਇਹ ਗੱਲ ਪ੍ਰਭੂ ਤੋਂ ਪਾਈ ਸੀ ਜਿਹੜੀ ਤੁਹਾਨੂੰ ਸੌਂਪ ਦਿੱਤੀ ਭਈ ਪ੍ਰਭੂ ਯਿਸੂ ਨੇ ਜਿਸ ਰਾਤ ਉਹ ਫੜਵਾਇਆ ਗਿਆ ਸੀ **ਰੋਟੀ** ਲਈ, (24) ਅਤੇ ਸ਼ੁਕਰ ਕਰ ਕੇ ਤੋੜੀ ਅਤੇ ਕਿਹਾ, ਇਹ ਮੇਰਾ ਸਰੀਰ ਹੈ ਜੋ ਤੁਹਾਡੇ ਲਈ ਹੈ। ਮੇਰੀ ਯਾਦਗਾਰੀ ਲਈ ਇਹ ਕਰਿਆ ਕਰੋ, (25) ਇਸੇ ਤਰਾਂ ਉਸ ਨੇ ਭੋਜਨ ਖਾਣ ਦੇ ਪਿੱਛੋਂ ਪਿਆਲਾ ਭੀ ਲਿਆ ਅਤੇ ਕਿਹਾ ਜੋ ਇਹ ਪਿਆਲਾ ਮੇਰੇ **ਲਹੂ** ਵਿੱਚ **ਨਵਾਂ ਨੇਮ** ਹੈ। ਜਦ ਕਦੇ ਤੁਸੀਂ ਇਹ ਨੂੰ ਪੀਵੋ ਤਾਂ ਮੇਰੀ ਯਾਦਗਾਰੀ ਲਈ ਇਹ ਕਰਿਆ ਕਰੋ , (26) ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ।

ਅੱਗੇ ਪੌਲੁਸ ਨੇਮ ਦੇ ਨਤੀਜਿਆਂ ਅਤੇ ਗੰਭੀਰਤਾ ਦੇ ਬਾਰੇ ਦੱਸਦਾ ਹੈ:
ਇਸ ਕਰਕੇ **ਜੋ ਕੋਈ ਅਜੋਗਤਾ** ਨਾਲ ਇਹ ਰੋਟੀ ਖਾਵੇ ਅਥਵਾ ਪ੍ਰਭੂ ਦਾ ਪਿਆਲਾ ਪੀਵੇ ਸੋ **ਪ੍ਰਭੂ** ਦੇ **ਸਰੀਰ** (ਅਸੀਂ ਉਸ ਦਾ ਸਰੀਰ ਹਾਂ) ਅਤੇ **ਲਹੂ ਦਾ** ਦੋਸ਼ੀ ਹੋਵੇਗਾ (ਨੇਮ)।(28) ਪਰ **ਮਨੁੱਖ ਆਪਣੇ ਆਪ ਨੂੰ ਪਰਖੇ ਅਤੇ ਇਉਂ ਇਸ ਰੋਟੀ ਵਿੱਚੋਂ ਖਾਵੇ ਅਤੇ ਪਿਆਲੇ ਵਿੱਚੋਂ ਪੀਵੇ।**(29) ਜਿਹੜਾ ਖਾਂਦਾ ਅਤੇ ਪੀਂਦਾ ਹੈ ਜੇ ਉਹ ਸਰੀਰ ਦੀ ਜਾਂਚ ਨਾ ਕਰੇ (ਏਕਤਾ ਤੋਂ ਬਿਨ੍ਹਾਂ) ਤਾਂ ਆਪਣੇ ਉੱਤੇ ਡੰਨ ਲਾ ਕੇ ਖਾਂਦਾ ਪੀਂਦਾ ਹੈ। (30) ਇਸੇ ਕਾਰਨ ਬਾਹਲੇ ਤੁਹਾਡੇ ਵਿੱਚ **ਨਿਤਾਣੇ** ਅਤੇ **ਰੋਗੀ** ਹਨ ਅਤੇ ਕਈਕੁ **ਸੁੱਤੇ ਪਏ** ਹਨ।

- ਹੋਰ ਅਨੁਵਾਦ ਕਹਿੰਦੇ ਹਨ "*ਕਈ ਕੁ ਸੁੱਤੇ ਪਏ ਹਨ*", ਜਿਸ ਦਾ ਅਰਥ ਹੈ ਕਿ ਕਈ ਸਮੇਂ ਤੋਂ ਪਹਿਲਾਂ ਹੀ ਮਰ ਗਏ ਹਨ। ਇਹ ਨੇਮ ਦਾ ਭੋਜਨ ਕੀ ਹੈ ਉਸ ਦੀ ਇੱਕ ਬਹੁਤ ਹੀ ਸੰਜੀਦਾ ਤਸਵੀਰ।
  (ਸੌਣ ਦਾ ਅਰਥ ਮੌਤ, ਇਸ ਦੇ ਲਈ ਵੇਖੋ: ਯੂਹੰਨਾ 11:11-14; 1 ਕੁਰਿੰਥੀਆਂ 15:51)

- ਕਮਜ਼ੋਰੀ, ਬਿਮਾਰੀ ਅਤੇ ਮੌਤ ਦੇ ਕਈ ਕਾਰਨ ਹਨ ਪਰ ਇਹ ਬਹੁਤ ਹੀ ਮਹੱਤਵਪੂਰਣ ਹੈ ਅਤੇ ਇਸ ਤੋਂ ਬਚਿਆ ਜਾ ਸਕਦਾ ਹੈ।

ਅੱਜ ਦੇ ਭਵਿੱਖਬਾਣੀਆਂ ਕਰਨ ਵਾਲੇ ਮਸੀਹੀਆਂ ਨਾਲੋਂ "ਰੋਟੀ ਤੋੜਨ" ਦੇ ਅਰਥ ਬਾਰੇ ਉਨ੍ਹਾਂ ਮੁਸਲਮਾਨਾਂ ਦੀ ਸਮਝ ਜ਼ਿਆਦਾ ਸਪਸ਼ਟ ਸੀ।

- ਇਹ ਤਾਂ ਨੇਮ ਦੀ **ਯਾਦਗਿਰੀ** ਹੈ ਜਿਸ ਨੂੰ ਯਿਸੂ ਨੇ ਸ਼ੁਰੂ ਕੀਤਾ ਸੀ।

- ਇਹ **ਉਸ ਦੇ** ਪ੍ਰਤੀ ਅਤੇ **ਇੱਕ ਦੂਸਰੇ** ਦੇ ਪ੍ਰਤੀ ਨੇਮ ਦੀਆਂ ਸਾਡੀਆਂ ਜ਼ਿੰਮੇਵਾਰੀਆਂ ਨੂੰ **ਚੇਤੇ ਕਰਾਉਣ** ਲਈ ਹੈ।
- ਅਤੇ ਪੌਲੁਸ ਸਾਨੂੰ ਯਾਦ ਕਰਾਉਂਦਾ ਹੈ ਕਿ ਸਾਨੂੰ ਸਰੀਰ ਦੀ ਸਹੀ ਰੀਤੀ ਨਾਲ ਜਾਂਚ ਅਤੇ ਪਰਖ ਕਰਨੀ ਚਾਹੀਦੀ ਹੈ। ਜਾਂਚ ਦਾ ਅਰਥ ਹੈ ਕਿ ਅਸੀਂ ਅਤੇ ਸਾਡੇ ਭਰਾ ਅਤੇ ਸਾਡੀਆਂ ਭੈਣਾਂ ਇੱਕੋ ਸਰੀਰ ਦੇ ਅੰਗ ਹਾਂ, ਅਸੀਂ ਇੱਕ ਹਾਂ - ਏਕਤਾ। ਅਸੀਂ ਨੇਮ ਵਿੱਚ ਇੱਕਠੇ ਹਾਂ

- ਜਿਸ ਦਾ ਅਰਥ ਹੈ ਕਿ ਜਦੋਂ ਤੋਂ ਅਸੀਂ ਇਸ ਸੰਬੰਧ ਵਿੱਚ ਆ ਗਏ ਹਾਂ ਅਤੇ ਨੇਮ ਦੇ ਭੋਜਨ ਵਿੱਚ ਹਿੱਸਾ ਲੈਣ ਦੇ ਦੁਆਰਾ ਇਸ ਨੂੰ ਫਿਰ ਤੋਂ ਨਵਾਂ ਕਰ ਲਿਆ ਹੈ, **ਅਸੀਂ ਤਦ ਤੋਂ ਹੀ ਇੱਕ ਦੂਸਰੇ ਦੇ ਪ੍ਰਤੀ ਵਫ਼ਾਦਾਰ ਰਹਿਣ ਲਈ ਸਮਰਪਿਤ ਹੋ ਜਾਂਦੇ ਹਾਂ।** ਆਪਣੇ ਵਿਆਹ ਦੇ ਨੇਮ ਵਿੱਚ ਵੀ।

- ਉਨ੍ਹਾਂ ਸਿਪਾਹੀਆਂ ਦੇ ਵਾਂਗੂ ਹੀ, ਜਿਨ੍ਹਾਂ ਨੂੰ ਆਪਣੀਆਂ ਨਿੱਜੀ ਭਾਵਨਾਵਾਂ ਦੀ ਬਾਵਜੂਦ ਉਸ ਯਹੂਦੀ ਔਰਤ ਦਾ ਆਦਰ ਕਰਨਾ ਪਿਆ ਕਿਉਂਕਿ ਉਨ੍ਹਾਂ ਦੇ ਅਧਿਕਾਰੀ ਨੇ ਉਸ ਨਾਲ ਰੋਟੀ ਤੋੜੀ ਸੀ। ਇਸੇ ਤਰ੍ਹਾਂ ਆਪਣੇ ਨਿੱਜੀ **ਵਿਚਾਰਾਂ** ਜਾਂ **ਰਵੱਈਏ** ਜਾਂ **ਭਾਵਨਾਵਾਂ** ਦੇ ਬਾਵਜੂਦ ਜਦੋਂ ਅਸੀਂ ਰੋਟੀ ਤੋੜਦੇ ਹਾਂ ਅਤੇ ਨੇਮ ਦਾ ਭੋਜਨ ਖਾਂਦੇ ਹਾਂ, ਤਾਂ ਇਹ ਕਰਨ ਦੇ ਦੁਆਰਾ ਹੀ ਸਾਡਾ ਇਹ ਫਰਜ਼ ਬਣ ਜਾਂਦਾ ਹੈ ਕਿ ਅਸੀਂ ਇੱਕ ਦੂਸਰੇ ਦੇ ਪ੍ਰਤੀ ਵਫ਼ਾਦਾਰ ਰਹੀਏ (ਸੁਰੱਖਿਆ ਕਰੀਏ, ਮੁਹੱਈਆ ਕਰਾਈਏ, ਢੱਕੀਏ)

- ਵਿਆਹ ਦੇ ਨੇਮ ਵਿੱਚ ਵੀ।

ਯੂਹੰਨਾ 13:18 ਮੈਂ ਤੁਸਾਂ ਸਭਨਾਂ ਦੇ ਵਿਖੇ ਨਹੀਂ ਆਖਦਾ ਹਾਂ। ਮੈਂ ਉਨ੍ਹਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੂੰ ਮੈਂ ਚੁਣ ਲਿਆ ਹੈ, ਪਰ ਇਹ ਇਸ ਲਈ ਹੈ ਜੋ ਲਿਖਤ ਪੂਰੀ ਹੋਵੇ ਭਈ *ਉਸ ਨੇ ਜਿਹੜਾ ਮੇਰੀ ਰੋਟੀ ਖਾਂਦਾ ਹੈ ਮੇਰੇ ਉੱਤੇ ਆਪਣੀ ਲੱਤ ਚੁੱਕੀ।*

- ਯਿਸੂ **ਜ਼ਬੂਰ 41:9** ਦੀ ਭਵਿੱਖਬਾਣੀ ਦਾ ਹਵਾਲਾ ਦੇ ਰਿਹਾ ਸੀ ਸਗੋਂ ਮੇਰਾ ਮੇਲੀ ਜਿਹ ਦੇ ਉੱਤੇ ਮੇਰਾ ਭਰੋਸਾ ਸੀ (ਉਸ ਨਾਲ ਮੇਲ ਵਿੱਚ ਸੀ), ਅਰ **ਜਿਸ ਨੇ ਮੇਰੀ ਰੋਟੀ ਖਾਧੀ** (ਸ਼ਾਂਤੀ ਦਾ ਨੇਮ), **ਉਸ ਨੇ ਵੀ ਮੇਰੇ ਉੱਤੇ ਲੱਤ ਚੁੱਕੀ** ਹੈ।

- ਮੱਧ ਪੂਰਬ, ਏਸ਼ੀਆ ਅਤੇ ਯਹੂਦੀਵਾਦ ਵਿੱਚ ਕਿਸੇ ਨੂੰ ਆਪਣੇ ਪੈਰ ਦਾ ਹੇਠਲਾ ਪਾਸਾ ਵਿਖਾਉਣਾ ਉਸ ਨੂੰ **ਰੱਦਣਾ** ਅਤੇ **ਨਿਰਾਦਰ ਕਰਨਾ** ਹੈ।

- ਜੇਮੀਸਨ, ਫੌਸੈਟ ਅਤੇ ਬਰਾਊਨ ਨੇ ਆਪਣੀ ਕਮੈਂਟਰੀ ਵਿੱਚ ਹੋਰ ਬਹੁਤ ਸਾਰੇ ਧਰਮ ਵਿਗਿਆਨੀਆਂ ਨਾਲ ਇਹ ਮੰਨਿਆ ਹੈ ਕਿ **ਯਹੂਦਾ** ਨੇ ਪ੍ਰਭੂ ਭੋਜ ਵਿੱਚ ਹਿੱਸਾ ਲਿਆ ਜੋ ਕਿ "ਰੋਟੀ ਦਾ ਨੇਮ" ਅਤੇ ਇਸ ਤੋਂ ਵਧ ਕੇ "ਲਹੂ ਦਾ ਨੇਮ" ਹੈ। ਵੇਖੋ: ਲੂਕਾ 22:14-22

- ਯਹੂਦਾ ਕਦੇ ਵੀ ਇੱਕ ਸੱਚਾ ਵਿਸ਼ਵਾਸੀ ਨਹੀਂ ਸੀ
  ਯੂਹੰਨਾ 6:70-71 ਯਿਸੂ ਨੇ ਉਨ੍ਹਾਂ ਨੂੰ ਅੱਗੋਂ ਆਖਿਆ, ਕੀ ਮੈਂ ਤੁਸਾਂ ਬਾਰਾਂ ਨੂੰ ਨਹੀਂ ਚੁਣਿਆ? ਅਤੇ **ਤੁਹਾਡੇ ਵਿੱਚੋਂ ਇੱਕ ਜਣਾ ਸ਼ਤਾਨ ਹੈ**! [71] ਇਹ ਉਸ ਨੇ ਸ਼ਮਊਨ ਇਸਕਰਿਯੋਤੀ ਦੇ ਪੁੱਤਰ ਯਹੂਦਾ ਦੇ ਵਿਖੇ ਆਖਿਆ ਉਹੋ ਉਸ ਨੂੰ ਫੜਵਾਉਣਾ ਚਾਹੁੰਦਾ ਅਤੇ ਉਨ੍ਹਾਂ ਬਾਰਾਂ ਵਿੱਚੋਂ ਇੱਕ ਸੀ।

  ਯਹੂੰਨਾ 17:12 ਜਿੰਨਾ ਚਿਰ ਮੈਂ ਓਹਨਾਂ ਦੇ ਨਾਲ ਸਾਂ ਮੈਂ ਤੇਰੇ ਉਸ ਨਾਮ ਨਾਲ ਜਿਹੜਾ ਤੈਂ ਮੈਨੂੰ ਦਿੱਤਾ ਓਹਨਾਂ ਦੀ ਰੱਛਿਆ ਕੀਤੀ ਅਤੇ ਮੈਂ ਓਹਨਾਂ ਦੀ ਰਾਖੀ ਕੀਤੀ ਅਤੇ **ਨਾਸ ਦੇ ਪੁੱਤਰ ਬਾਝੋਂ ਓਹਨਾਂ ਵਿੱਚੋਂ ਕਿਸੇ ਦਾ ਨਾਸ ਨਾ ਹੋਇਆ** ਤਾਂ ਜੋ ਲਿਖਤ ਪੂਰੀ ਹੋਵੇ।

- ਸਾਨੂੰ ਇਹ ਨਹੀਂ ਕਰਨਾ ਚਾਹੀਦਾ ਕਿ ਅਸੀਂ ਦੂਸਰਿਆਂ ਨਾਲ ਰੋਟੀ ਖਾਈਏ ਅਤੇ ਫਿਰ *"ਆਪਣੀ ਲੱਤ ਉਨ੍ਹਾਂ ਦੇ ਵਿਰੁੱਧ ਚੁੱਕੀਏ"*, ਉਨ੍ਹਾਂ ਦੀ ਨਿੰਦਾ ਕਰਨ ਦੁਆਰਾ, ਝੂਠ ਬੋਲਣ ਦੁਆਰਾ ਜਾਂ ਕਿਸੇ ਵੀ ਤਰ੍ਹਾਂ ਦੇ ਅਣਮਨੁੱਖੀ ਵਿਹਾਰ ਅਤੇ ਦੁਖੀ ਕਰਨ ਵਾਲੇ ਕੰਮ ਦੇ ਦੁਆਰਾ। ਅਸੀਂ ਨੇਮ ਦੇ ਵਿੱਚ ਇਕੱਠੇ ਹਾਂ। ਸਾਨੂੰ ਯਹੂਦਾ ਵਰਗਾ ਕੰਮ ਨਹੀਂ ਕਰਨਾ ਚਾਹੀਦਾ।

- ਪੌਲੁਸ ਕਹਿੰਦਾ ਹੈ ਕਿ ਜਦੋਂ ਅਸੀਂ ਨੇਮ ਦੇ ਭੋਜਨ ਨੂੰ ਖਾ ਲੈਂਦੇ ਹਾਂ ਤਾਂ ਸਾਡੇ ਕੋਲ ਕੇਵਲ **ਦੋ ਹੀ ਵਿਕਲਪ ਹਨ**।

  1) ਜੇਕਰ ਅਸੀਂ ਇਸ ਨੂੰ **ਸਹੀ ਸੰਬੰਧਾਂ** ਦੇ ਤਹਿਤ ਲੈਂਦੇ ਹਾਂ ਤਾਂ ਇਹ ਸਾਡੇ ਲਈ **ਬਰਕਤਾਂ** ਅਤੇ **ਤੰਦਰੁਸਤੀ** ਲੈ ਕੇ ਆਵੇਗਾ। **ਜ਼ਬੂਰ** 133 ਨੂੰ ਵੇਖੋ

  2) **ਪਰ** ਜੇਕਰ ਸਾਡੇ **ਸੰਬੰਧ ਟੁੱਟੇ ਹੋਏ ਹਨ**, ਤਾਂ ਇਹ ਸਾਡੇ ਉੱਤੇ ਮੁਸ਼ਕਲਾਂ, ਸੰਭਵ ਹੈ ਕਿ ਬਿਮਾਰੀ ਅਤੇ ਕੁਝ ਹੱਦ ਦਰਜੇ ਦੇ ਮਾਮਲਿਆਂ ਵਿੱਚ ਮੌਤ ਨੂੰ ਲੈ ਆਵੇਗਾ।

ਇਹ ਬੜਾ ਸੰਜੀਦਾ ਵਿਚਾਰ ਹੈ। ਪਰ ਫਿਰ, ਨੇਮ ਦੇ ਸੰਬੰਧ ਬਹੁਤ ਸੰਜੀਦਾ ਅਤੇ ਗੰਭੀਰ ਸਮਰਪਣ ਹਨ।

ਪ੍ਰਭੂ ਸਾਡੀ ਸਹਾਇਤਾ ਕਰੇ ਜੋ ਅਸੀਂ ਅਪਣੇ ਨੇਮ ਦੇ ਸੰਬੰਧ ਨੂੰ ਹਲਕੇ ਵਿੱਚ **ਨਾ** ਲਈਏ:
ਸਾਡਾ ਪਰਮੇਸ਼ੁਰ ਦੇ ਨਾਲ ਨੇਮ / ਇੱਕ ਦੂਸਰੇ ਨਾਲ / ਸਾਡਾ ਵਿਆਹ ਦਾ ਨੇਮ

1 ਕੁਰਿੰਥੀਆਂ 11:31 ਪਰ ਜੇ ਅਸੀਂ **ਆਪਣੇ ਆਪ ਨੂੰ ਜਾਚਦੇ** ਤਾਂ ਜਾਚੇ **ਨਾ ਜਾਂਦੇ**।

- 1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।

(32) ਪਰ **ਜਾਂ ਜਾਚੇ ਜਾਂਦੇ** ਹਾਂ ਤਾਂ **ਪ੍ਰਭੂ ਤੋਂ ਤਾੜੇ ਜਾਂਦੇ ਹਾਂ** ਤਾਂ ਜੋ **ਅਸੀਂ ਸੰਸਾਰ ਨਾਲ ਦੋਸ਼ੀ ਨਾ ਠਹਿਰਾਏ ਜਾਈਏ**।

- ਅਰਥਾਤ ਅਸੀਂ ਪਰਮੇਸ਼ੁਰ ਦੁਆਰਾ ਮੁਫ਼ਤ ਦਿੱਤੀ ਗਈ ਸਦੀਪਕ ਮੁਕਤੀ ਨੂੰ **ਨਹੀਂ** ਗੁਆਵਾਂਗੇ। ਅਸੀਂ ਆਪਣੇ ਹਿੱਸੇ ਦੇ ਨੇਮ ਨੂੰ ਤੋੜ ਸਕਦੇ ਹਾਂ ਪਰ ਉਹ ਵਫ਼ਾਦਾਰ ਹੈ।

ਅਨੁਸ਼ਾਸ਼ਨ, ਹਾਂ।                ਤਿਰਸਕਾਰ, ਨਹੀਂ!

ਪਰ ਜਦੋਂ ਅਸੀਂ ਪਰਮੇਸ਼ੁਰ ਦੀ ਆਗਿਆ ਨਹੀਂ ਮੰਨਦੇ ਅਤੇ ਦੇਹ ਦਾ ਆਦਰ ਨਹੀਂ ਕਰਦੇ, ਤਾਂ ਇਸ ਦੇ ਗੰਭੀਰ ਨਤੀਜੇ ਨਿਕਲਦੇ ਹਨ।

ਹੇਠ ਲਿਖੇ ਤੇ ਗੌਰ ਕਰੋ:

- ਮੱਤੀ 5:23-25 ਸੋ ਜੇ ਤੂੰ ਜਗਵੇਦੀ ਉੱਤੇ ਆਪਣੀ ਭੇਟ ਚੜ੍ਹਾਉਣ ਲੱਗੇ ਅਰ ਉੱਥੇ ਤੈਨੂੰ ਚੇਤੇ ਆਵੇ ਜੋ ਮੈਂ ਆਪਣੇ ਭਰਾ ਨਾਲ **ਖੋਟ ਕਮਾਇਆ ਹੈ।** ਤਾਂ ਉੱਥੇ ਆਪਣੀ ਭੇਟ ਜਗਵੇਦੀ ਦੇ ਸਾਹਮਣੇ ਛੱਡ ਕੇ ਚੱਲਿਆ ਜਾਹ ਅਤੇ **ਪਹਿਲਾਂ** ਆਪਣੇ ਭਰਾ ਨਾਲ **ਮੇਲ ਕਰ**। ਪਿੱਛੋਂ ਆਣ ਕੇ ਆਪਣੀ ਭੇਟ ਚੜ੍ਹਾ।

- ਮੱਤੀ 18:32-35 ਤਦ ਉਹ ਦੇ ਮਾਲਕ ਨੇ ਉਹ ਨੂੰ ਆਪਣੇ ਕੋਲ ਸੱਦ ਕੇ ਕਿਹਾ, ਓਏ ਦੁਸ਼ਟ ਨੌਕਰ! ਮੈਂ ਤੈਨੂੰ ਉਹ ਸਾਰਾ ਕਰਜ਼ ਛੱਡ ਦਿੱਤਾ ਇਸ ਲਈ ਜੋ ਤੈਂ ਮੇਰੀ ਮਿੰਨਤ ਕੀਤੀ। ਫੇਰ ਜਿਹੀ ਮੈਂ ਤੇਰੇ ਉੱਤੇ ਦਯਾ ਕੀਤੀ ਕੀ ਤੈਨੂੰ ਆਪਣੇ ਮਾਲਕ ਦੇ ਨੌਕਰ ਉੱਤੇ ਤਿਹੀ ਦਯਾ ਕਰਨੀ ਨਹੀਂ ਸੀ ਚਾਹੀਦੀ? ਅਤੇ ਜਿੰਨਾ ਚਿਰ ਸਾਰਾ ਕਰਜ ਭਰ ਨਾ ਦੇਵੇ ਉਸ ਦੇ ਮਾਲਕ ਨੇ ਕ੍ਰੋਧੀ ਹੋ ਕੇ ਉਹ ਨੂੰ **ਦੁਖ ਦਾਇਕਾਂ** ਦੇ ਹਵਾਲੇ ਕੀਤਾ। ਇਸੇ ਤਰਾਂ ਮੇਰਾ ਸੁਰਗੀ ਪਿਤਾ ਵੀ ਤੁਹਾਡੇ ਨਾਲ ਕਰੇਗਾ ਜੇ ਤੁਸੀਂ ਆਪਣੇ **ਭਾਈਆਂ ਨੂੰ ਆਪਣੇ ਦਿਲਾਂ ਤੋਂ ਮਾਫ਼ ਨਾ ਕਰੋ।**

- ਅਫਸੀਆਂ 4:26-27 ਸੂਰਜ ਤੁਹਾਡੇ **ਕ੍ਰੋਧ** ਉੱਤੇ ਨਾ ਡੁੱਬ ਜਾਵੇ! ਅਤੇ **ਨਾ ਸ਼ਤਾਨ ਨੂੰ ਥਾਂ ਦਿਓ**!

- ਯਾਕੂਬ 5:9 ਹੇ ਭਰਾਵੋ, **ਇੱਕ ਦੂਏ** ਦੇ ਵਿਰੁੱਧ **ਬੁੜ ਬੁੜ ਨਾ ਕਰੋ, ਭਈ ਤੁਸੀਂ ਦੋਸ਼ੀ ਨਾ ਠਹਿਰਾਏ ਜਾਓ**। ਵੇਖੋ, ਨਿਆਈ ਬੂਹੇ ਉੱਤੇ ਖਲੋਤਾ ਹੈ !

- ਯਾਕੂਬ 4:11 **ਇੱਕ ਦੂਏ ਦੇ ਵਿਰੁੱਧ ਨਾ ਬੋਲੋ** . . . ਨਾ ਭਰਾ ਉੱਤੇ **ਦੋਸ਼ ਲਾਉ,** (12) ਸ਼ਰਾ ਦਾ ਦੇਣ ਵਾਲਾ ਅਤੇ ਨਿਆਈ ਇੱਕੋ ਹੈ . . . ਪਰ ਤੂੰ ਆਪਣੇ ਗੁਆਂਢੀ ਉੱਤੇ ਦੋਸ਼ ਲਾਉਣ ਵਾਲਾ ਕੌਣ ਹੁੰਦਾ ਹੈਂ ?

- ਪਤਰਸ 5:8-9 ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ **ਕਿਹ ਨੂੰ ਪਾੜ ਖਾਵਾਂ।** (ਵਿਸਵਾਸੀਆਂ ਲਈ ਲਿਖਿਆ)

ਆਓ ਅਸੀਂ ਅਪਣੇ ਆਪ ਨੂੰ **ਜਾਂਚੀਏ** - **ਅਪਣੇ ਵਿਵੇਕ** ਨੂੰ ਇਜਾਜ਼ਤ ਦੇਈਏ, **ਪਵਿੱਤਰ ਆਤਮਾ** ਨੂੰ ਇਜਾਜ਼ਤ ਦੇਈਏ ਕਿ ਸਾਡੇ ਮਨ ਵਿੱਚ ਉਸ ਮਨੁੱਖ ਬਾਰੇ ਪਾਵੇ ਜਿਸ ਨੂੰ ਸਾਨੂੰ ਮਾਫ਼ ਕਰਨ ਦੀ ਲੋੜ ਹੈ, ਜਾਂ ਜਿਸ ਨੂੰ ਅਸੀਂ ਦੁਖੀ ਕੀਤਾ ਹੈ।

- ਜੇ ਉਹ ਤੁਹਾਨੂੰ ਉਸ ਬਾਰੇ ਚੇਤੇ ਕਰਾਵੇ ਜਿਸ 'ਤੇ ਤੁਹਾਨੂੰ ਗੁੱਸਾ ਹੈ ਜਾਂ ਜਿਸ ਨਾਲ ਤੁਹਾਨੂੰ ਨਰਾਜ਼ਗੀ ਹੈ - ਤਾਂ **ਤੁਹਾਨੂੰ ਪਹੁੰਚੀ ਚੋਟ ਦੇ ਬਾਵਜੂਦ**, ਨਿੱਜੀ **ਰਵੱਈਏ**, **ਭਾਵਨਾਵਾਂ** ਜਾਂ **ਖਿਆਲਾਂ** ਦੇ ਬਾਵਜੂਦ ਉਸ ਨੂੰ ਹੁਣੇ ਮਾਫ਼ ਕਰਨ ਦਾ ਫੈਸਲਾ ਕਰੋ।

- ਪ੍ਰਾਰਥਨਾ ਕਰੋ ਅਤੇ ਪਰਮੇਸ਼ੁਰ ਨੂੰ ਦੱਸੋ ਕਿ ਤੁਸੀਂ **ਉਸ ਵਿਅਕਤੀ ਨੂੰ ਮਾਫ਼ ਕਰ ਦਿੱਤਾ ਹੈ** ਅਤੇ ਪਵਿੱਤਰ ਆਤਮਾ ਤੋਂ ਮੰਗੋ ਕਿ ਉਹ ਇਸ ਨੂੰ ਤੁਹਾਡੇ ਦਿਲ ਅਤੇ ਦਿਮਾਗ ਵਿੱਚ ਸੱਚ ਕਰੇ।

- ਜੇ ਕੋਈ ਵੀ, ਜਾਂ ਕੁਝ ਵੀ ਮਨ ਵਿੱਚ ਨਹੀਂ ਆਉਂਦਾ – ਤਾਂ ਸ਼ਾਂਤ ਰਹੋ

ਪਰਮੇਸ਼ੁਰ ਨੇ ਸਾਡੇ ਨਾਲ ਇੱਕ ਨੇਮ ਬੰਨ੍ਹਿਆ ਹੈ, ਇੱਕ ਸ਼ਾਂਤੀ ਦਾ ਸਮਝੌਤਾ ਕੀਤਾ ਹੈ, ਇੱਕ ਇਸ ਤਰ੍ਹਾਂ ਦਾ ਨੇਮ ਜੋ ਉਸ ਦੀ ਭਲਾਈ ਉੱਤੇ ਅਧਾਰਿਤ ਹੈ, ਨਾ ਕਿ ਸਾਡੀ ਯੋਗਤਾ ਉੱਤੇ।

ਜਦੋਂ ਅਸੀਂ ਰੋਟੀ ਵਿੱਚ ਹਿੱਸਾ ਲੈਣ ਦੇ ਦੁਆਰਾ ਮਸੀਹ ਵਿੱਚ ਏਕਤਾ ਵਿਖਾਉਂਦੇ ਹਾਂ ਅਤੇ ਪਿਆਲਾ ਪੀਂਦੇ ਹੋਏ ਪਰਮੇਸ਼ੁਰ ਦੀ ਮਾਫ ਕਰਨ ਵਾਲੀ ਕਿਰਪਾ ਨੂੰ ਵਿਖਾਉਂਦੇ ਹਾਂ ਤਾਂ ਆਓ ਅਨੰਦ ਨਾਲ ਪਰਮੇਸ਼ੁਰ ਦੀ ਉਸਤਤ ਕਰੀਏ ਕਿਉਂਕਿ ਉਸ ਨੇ ਮਸੀਹ ਵਿੱਚ ਆਪਣੇ ਨਾਲ ਅਤੇ ਇੱਕ ਦੂਸਰੇ ਨਾਲ ਸਾਡਾ ਮਿਲਾਪ ਕਰਾਇਆ ਹੈ।

ਇਬਰਾਨੀਆਂ 13:20-23 ਹੁਣ ਸ਼ਾਂਤੀ ਦਾਤਾ ਪਰਮੇਸ਼ੁਰ ਜਿਹੜਾ ਭੇਡਾਂ ਦੇ **ਵੱਡੇ ਅਯਾਲੀ** ਅਰਥਾਤ ਸਾਡੇ ਪ੍ਰਭੂ
ਯਿਸੂ ਮਸੀਹ ਨੂੰ **ਸਦੀਪਕ ਨੇਮ ਦੇ ਲਹੂ** ਨਾਲ ਮੁਰਦਿਆਂ ਵਿੱਚੋਂ ਉਠਾ ਲਿਆਇਆ। [21]ਤੁਹਾਨੂੰ ਹਰੇਕ ਭਲੇ ਕੰਮ
ਵਿੱਚ ਸੰਪੂਰਨ ਕਰੇ ਭਈ ਤੁਸੀਂ ਉਹ ਦੀ ਇੱਛਿਆ ਨੂੰ ਪੂਰਿਆਂ ਕਰੋ ਅਤੇ ਜੋ ਕੁਝ ਉਹ ਨੂੰ ਭਾਉਂਦਾ ਹੈ ਉਹੋ
ਸਾਡੇ ਵਿੱਚ ਯਿਸੂ ਮਸੀਹ ਦੇ ਰਾਹੀਂ ਕਰੇ ਜਿਸ ਦੀ ਵਡਿਆਈ ਜੁੱਗੋ ਜੁੱਗ ਹੋਵੇ! ਆਮੀਨ।